1

# ਯਿਸੂ: ਸਾਡਾ ਅਨਾਦੀ ਮੁਕਤੀਦਾਤਾ

ਯਿਸੂ ਮਸੀਹ ਦਾ ਜ਼ਿਕਰ ਆਉਣ ਤੇ ਮੇਰਾ ਦਿਮਾਗ਼ ਘੁੰਮਣ ਲਗਦਾ ਹਾਂ। ਉਹ ਧਰਤੀ ਤੋਂ ਲੰਮਾ ਅਤੇ ਸਮੁੰਦਰ ਤੋਂ ਚੌੜਾ ਹੈ, ਅਕਾਸ਼ ਤੋਂ ਉੱਚਾ ਅਤੇ ਪਤਾਲ ਤੋਂ ਗਹਿਰਾ ਹੈ (ਵੇਖੋ ਅੱਯੂਬ 11:8, 9)। ਲੱਭਣ ਲੱਗਾਂ ਤਾਂ ਨਾ ਤਾਂ ਮੈਂ ਉਹਨੂੰ ਲੱਭ ਸਕਦਾ ਹਾਂ ਅਤੇ ਨਾ ਉਹਦੀਆਂ ਹੱਦਾਂ ਨੂੰ ਜਾਣ ਸਕਦਾ ਹਾਂ (ਵੇਖੋ ਅੱਯੂਬ 11:7)।

ਤਾਂ ਵੀ ਜਿਸ ਮਸੀਹ ਦੀ ਥਾਹ ਨਹੀਂ ਹੋ ਸਕਦੀ ਫਿਰ ਵੀ ਉਹਨੂੰ (1) ਅਨਾਦੀਕਾਲ ਤੋਂ ਦੁਨੀਆਂ ਬਣਨ ਤਕ (2) ਦੁਨੀਆਂ ਬਣਨ ਤੋਂ ਬੈਤਲਹਮ ਤਕ (3) ਬੈਤਲਹਮ ਤੋਂ ਜੀ ਉੱਠਣ ਹੋਣ ਤਕ (4) ਜੀ ਉੱਠਣ ਤੋਂ ਕਿਆਮਤ ਤਕ ਅਤੇ (5) ਕਿਆਮਤ ਦੇ ਦਿਨ ਤੋਂ ਅਨਾਦੀ ਕਾਲ ਦੇ ਪੰਜ ਖੇਤਰਾਂ ਵਿਚ ਅਸਾਨੀ ਨਾਲ ਵੇਖਿਆ ਜਾ ਸਕਦਾ ਹੈ।

## ਅਨਾਦੀਕਾਲ ਤੋਂ ਦੁਨੀਆਂ ਦੇ ਬਣਨ ਤਕ

ਪਹਾੜਾਂ ਦੇ ਬਣਨ ਤੋਂ ਪਹਿਲਾਂ, ਧਰਤੀ ਅਤੇ ਸੰਸਾਰ ਵਿਚ ਮੌਜੂਦ ਸਭ ਲੋਕਾਂ ਦੇ ਪੈਦਾ ਹੋਣ ਤੋਂ ਪਹਿਲਾਂ, ਅਨਾਦੀਕਾਲ ਤੋਂ ਵੀ ਪਹਿਲਾਂ ਯਿਸੂ ਮਸੀਹ ਜ਼ਿੰਦਾ, ਸਰਗਰਮ ਅਤੇ ਕਿਸੇ ਵੀ ਦੋ ਧਾਰੀ ਤਲਵਾਰ ਨਾਲੋਂ ਤੇਜ਼ ਸੀ (ਜ਼ਬੂਰ 90:2; ਇਬਰਾਨੀਆਂ 4:12)। ਅਜਿਹਾ ਕੁਝ ਵੀ ਨਹੀਂ ਸੀ ਜੋ ਉਹਦੀਆਂ ਅੱਖਾਂ ਤੋਂ ਓਹਲੇ ਹੋਵੇ ਭਾਵ ਉਹਦੀਆਂ ਅੱਖਾਂ ਦੇ ਸਾਹਮਣੇ ਸਭ ਵਸਤਾਂ ਖੁੱਲ੍ਹੀਆਂ ਅਤੇ ਬੇਪਰਦ ਸਨ (ਇਬਰਾਨੀਆਂ 4:13)। ਉਹਦੀ ਆਉਣਾ ਪੁਰਾਤਨ ਕਾਲ ਤੋਂ ਬਲਕਿ ਅਨਾਦੀਕਾਲ ਤੋਂ ਠਹਿਰਾਇਆ ਹੋਇਆ ਸੀ (ਮੀਕਾ 5:2)। ਧਰਤੀ 'ਤੇ ਥੋੜ੍ਹੇ ਸਮੇਂ ਦੇ ਆਰਜ਼ੀ ਵਾਸ ਦੌਰਾਨ ਉਹਨੇ ਪਿਤਾ ਨਾਲ ਆਪਣੀ ਉਸ ਵਡਿਆਈ ਨੂੰ ਚੇਤੇ ਰੱਖਿਆ ਜੋ ਧਰਤੀ ਤੇ ਆਉਣ ਤੋਂ ਪਹਿਲਾਂ, ਉਸ ਸਮੇਂ ਸੀ ਜਦ ਉਹ ਧਨੀ ਸੀ (ਯੂਹੰਨਾ 17:5; 2 ਕੁਰਿੰਥੀਆਂ 8:9)। ਯਿਸੂ ਮਸੀਹ ਦੀ ਉਮਰ ਦੀ ਕੋਈ ਹੱਦ ਨਹੀਂ ਹੈ ਭਾਵ ਉਹ ਕੱਲ੍ਹ, ਅੱਜ ਅਤੇ ਹਮੇਸ਼ਾ ਇੱਕੋ ਜਿਹਾ ਹੈ (ਇਬਰਾਨੀਆਂ 13:8)। ਉਹ ''ਅਨਾਦੀ ਪਿਤਾ'' ਹੈ।[1]

ਯਿਸੂ ਮਸੀਹ ਪ੍ਰਭੂ ਹੈ।[2] ਇਸ ਦੇ ਸੱਚ ਹੋਣ ਕਰਕੇ, ਇਹ ਦਾਅਵਾ ਕਰਨਾ ਮਾੜੀ-ਮੋਟੀ ਗ਼ਲਤੀ ਨਹੀਂ ਹੈ ਕਿ ਉਹ ਰਚਨਾ ਦਾ ਇਕ ਹਿੱਸਾ ਹੈ। ਅਜਿਹੇ ਮਸੀਹ ਦੀ ਗਿਆਨਵਾਦੀ ਧਾਰਣਾ ਜਿਸਨੂੰ ਪਿਤਾ ਵੱਲੋਂ aeon (ਇਕ ਯੁੱਗ) ਜਾਂ ''ਖ਼ੁਦਾਈ ਉਤਪਤੀ'' ਬਣਾਇਆ ਗਿਆ ਹੋਵੇ, ਇਸ ਤੱਥ ਨਾਲ ਮੇਲ ਨਹੀਂ ਖਾਂਦੀ ਕਿ ਯਿਸੂ ਪ੍ਰਭੂ ਹੈ। ਕੁਲੁੱਸੀਆਂ 1:15 ਵਿਚਲੇ ਉਹ ''ਸਾਰੀ ਸਰਿਸ਼ਟ ਵਿਚ ਜੇਠਾ ਹੈ'' ਦੀ ਵਿਆਖਿਆ ਇਹ ਅਰਥ ਕੱਢਣ ਲਈ ਨਹੀਂ ਹੋਣੀ ਚਾਹੀਦੀ ਕਿ ਉਹ ਸਭ ਰਚੀਆਂ ਗਈਆਂ ਵਸਤਾਂ ਵਿੱਚੋਂ ਪਹਿਲਾ ਹੈ। ਜੇ ਇਵੇਂ ਹੋਵੇ ਤਾਂ ਇਹਦਾ ਮਤਲਬ ਇਹ ਹੋਵੇਗਾ ਕਿ ਉਹਨੇ ਆਪਣੇ ਆਪ ਨੂੰ ਬਣਾਇਆ ਕਿਉਂਕਿ ''ਸਭ ਵਸਤਾਂ ਓਸੇ ਤੋਂ ਉਤਪਨ ਹੋਈਆਂ'' ਅਤੇ ਉਹ ''ਸਭ ਤੋਂ ਪਹਿਲਾ ਹੈ'' (ਕੁਲੁੱਸੀਆਂ 1:16, 17)। ਇਸ ਕਰਕੇ ਕੁਲੁੱਸੀਆਂ 1:15 ਵਿਚਲੇ ''ਪਲੌਠਾ'' ਸ਼ਬਦ ਦਾ ਅਰਥ ਉਹਦੇ ਮੂਲ ਲਈ ਨਹੀਂ

ਬਲਕਿ ਅਹੁਦੇ ਜਾਂ ਸਥਿਤੀ[3] ਲਈ ਪ੍ਰਤੀਕਾਤਮਕ ਰੂਪ ਵਿਚ ਲੈਣਾ ਚਾਹੀਦਾ ਹੈ। ਯਿਸੂ ਪ੍ਰਧਾਨ, ਸਾਰੇ ਅਖ਼ਤਿਆਰ ਦਾ ਮਾਲਕ ਅਤੇ ਰਚਨਾ ਦੀਆਂ ਸਭ ਵਸਤਾਂ ਤੋਂ ਉੱਪਰ ਹੈ (ਵੇਖੋ ਜ਼ਬੂਰ 89:27)। ਨਹੀਂ ਤਾਂ ਜੇ ਯਿਸੂ ਆਪ ਹੀ ਇਕ ਚੀਜ਼ ਜਾਂ ਜੀਵ ਬਣ ਜਾਵੇ ਤਾਂ ਯੂਹੰਨਾ ਦੀ ਗੱਲ ਸਹੀ ਨਹੀਂ ਹੋ ਸਕਦੀ ਸੀ ਕਿ ''ਸਭ ਕੁਝ ਓਸੇ ਦੇ ਰਾਹੀਂ ਉਤਪੰਨ ਹੋਇਆ ਅਤੇ ਜੋ ਕੁਝ ਉਤਪੰਨ ਹੋਇਆ ਹੈ ਉਸ ਵਿੱਚੋਂ ਕੋਈ ਵੀ ਚੀਜ਼ ਉਹਦੇ ਬਿਨਾ ਉਤਪੰਨ ਨਹੀਂ ਹੋਈ'' (ਯੂਹੰਨਾ 1:3)।

ਇਕ ਧਾਰਮਿਕ ਗੁਟ ਮਸੀਹ ਨੂੰ ਇਕ ਅਧੀਨ ਈਸ਼ਵਰ ਭਾਵ ਰਚਿਆ ਗਿਆ ਦੇਵਤਾ ਦੱਸ ਕੇ ਅਧਿਆਤਮਕ ਗਿਆਨਵਾਦੀਆਂ ਦੇ ਰਾਹ 'ਤੇ ਚੱਲ ਰਿਹਾ ਹੈ।[4] ਕੁਲੁੱਸੀਆਂ 1:8 ਵਿਚ ''ਆਦਿ'' ਸ਼ਬਦ ਦਾ ਗ਼ਲਤ ਅਰਥ ਕੱਢ ਕੇ ਉਹ ਆਖਦੇ ਹਨ ਕਿ ਮਸੀਹ ਦਾ ਆਦਿ ਸੀ। ਪਰ ਸੰਦਰਭ ਤੋਂ ਪਤਾ ਨਹੀਂ ਲਗਦਾ ਕਿ ਮਸੀਹ ਦਾ ਕੋਈ ਆਦਿ ਸੀ ਬਲਕਿ ਉਹ ਤਾਂ ਸਭ ਵਸਤਾਂ ਦਾ ਅਰੰਭ ਕਰਨ ਵਾਲਾ, ਸ਼ੁਰੂ ਕਰਨ ਵਾਲਾ, ਬਨਾਉਣ ਵਾਲਾ, ਦਾਤਾ ਅਤੇ ਓਸੇ ਦੇ ਕਾਰਣ ਸਭ ਕੁਝ ਬਣਿਆ।[5]

ਇਹ ਧਾਰਮਿਕ ਗੁੱਟ ਯਿਸੂ ਦੇ ਅਨਾਦੀ ਸੁਭਾਅ ਨੂੰ ਨਕਾਰ ਕੇ ਪ੍ਰਕਾਸ਼ ਦੀ ਪੋਥੀ 3:14 ਵਿਚਲੇ ''ਮੁੱਢ'' ਸ਼ਬਦ ਦੀ ਵੀ ਗ਼ਲਤ ਵਰਤੋਂ ਕਰਦਾ ਹੈ। ਜੋ ਕੋਈ ਇਹ ਆਖਦਾ ਹੈ ਕਿ ਯਿਸੂ ਖ਼ੁਦਾ ਦੀ ਰਚਨਾ ਦਾ ਅਰੰਭ ਕਰਨ ਵਾਲਾ ਨਹੀਂ ਬਲਕਿ ਉਹਦੀ ਰਚਨਾ ਦੀ ਪਹਿਲੀ ਚੀਜ਼ ਸੀ, ਉਹਨੂੰ ਇਹ ਵੀ ਕਹਿਣਾ ਚਾਹੀਦਾ ਹੈ ਕਿ ਪਰਮੇਸ਼ੁਰ ਪਿਤਾ ਦਾ ਆਦਿ ਸੀ, ਕਿਉਂਕਿ ਪ੍ਰਕਾਸ਼ ਦੀ ਪੋਥੀ 21:6 ਵਿਚ ਉਹਦੇ ਲਈ ਇਸੇ ਸ਼ਬਦ ਦੀ ਵਰਤੋਂ ਹੋਈ ਹੈ।[6] ਫਿਰ ਇਹ ਦਾਅਵਾ ਕਰਨ ਨਾਲ ਕਿ ਯਿਸੂ ਦਾ ਅਰੰਭ ਹੋਇਆ ਸੀ, ਨਾ ਸਿਰਫ਼ ਪਿਤਾ ਦੇ ਅਰੰਭ ਦੀ ਗੱਲ ਹੋਵੇਗੀ ਬਲਕਿ ਸੰਦਰਭ ਮੁਤਾਬਕ ਦੋਹਾਂ ਦਾ ਅੰਤ ਵੀ ਹੋਣਾ ਲਾਜ਼ਮੀ ਹੈ।[7] ਸਹੀ ਢੰਗ ਨਾਲ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਨੂੰ ਅਨਾਦੀ ਦੇ ਦੇ ਤੌਰ ਤੇ ਵੇਖਣ ਤੇ ਬਾਈਬਲ ਦੀਆਂ ਸਭ ਆਇਤਾਂ ਇਕ ਦੂਜੇ ਨਾਲ ਜੁੜੀਆਂ ਨਜ਼ਰ ਆਉਂਦੀਆਂ ਹਨ।[8]

ਜੇ ਯਿਸੂ ਆਦਿ ਵਿਚ ਸਿਰਫ਼ ਖ਼ੁਦਾ ਦੇ ਨਾਲ ਹੀ ਨਹੀਂ, ਬਲਕਿ ਖ਼ੁਦਾ ਵੀ ਸੀ ਤਾਂ ਉਹਦੇ ਅਨਾਦੀ ਹੋਣ ਦੀ ਗੱਲ ਤੇ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ (ਯੂਹੰਨਾ 1:1)। ਯਿਸੂ ਦੇ ਇੱਕੋ ਵੇਲੇ ਖ਼ੁਦਾ ਨਾਲ ਅਤੇ ਖ਼ੁਦਾ ਹੋਣ ਦੀ ਗੱਲ ਨੂੰ ਸਮਝਾਉਣਾ ਨਾਮੁਕਿਨ ਹੈ। ਹਿਸਾਬ ਨਾਲ ਤਾਂ ਨਹੀਂ ਪਰ ਵਿਸ਼ਵਾਸ ਨਾਲ ਕਿਹਾ ਜਾ ਸਕਦਾ ਹੈ ਕਿ ਇਕ ਤਿੰਨ ਹੈ ਅਤੇ ਤਿੰਨੇ ਇਕ ਹਨ (ਵਿਵਸਥਾਸਾਰ 6:4; ਇਬਰਾਨੀਆਂ 1:8; ਰਸੂਲਾਂ ਦੇ ਕੰਮ 5:3, 4)। ਇਹ ਤਿੰਨੇ ਇੱਕੋ ਖ਼ੁਦਾ ਹਨ ਜਿਨ੍ਹਾਂ ਸੁਭਾਅ ਤਾਂ ਇਕ ਹੈ, ਪਰ ਦਿਮਾਗ਼ ਆਪੋ ਆਪਣਾ ਹੈ (ਰੋਮੀਆਂ 8:27; ਫ਼ਿਲਿੱਪੀਆਂ 2:5)। ਖ਼ੁਦਾ ਦੇ ਤ੍ਰਿਏਕ ਹੋਣ ਦੀ ਗੱਲ ਬਾਈਬਲ ਵਿਚ ਹੈ ਪਰ ਇਨਸਾਨੀ ਤੌਰ ਤੇ ਇਹਨੂੰ ਸਮਝਣਾ ਸੰਭਵ ਨਹੀਂ ਹੈ। ਯਿਸੂ ਅਖ਼ਤਿਆਰ ਵਿਚ ਤਾਂ ਆਪਣੇ ਪਿਤਾ ਦੇ ਅਧੀਨ ਹੈ (''ਪਿਤਾ ਮੈਥੋਂ ਵੱਡਾ ਹੈ''; ਯੂਹੰਨਾ 14:28), ਪਰ ਸੁਭਾਅ ਅਤੇ ਵਜੂਦ ਵਿਚ ਅਧੀਨ ਨਹੀਂ (''ਮੈਂ ਅਤੇ ਪਿਤਾ ਇਕ ਹਾਂ''; ਯੂਹੰਨਾ 10:30)। ਅਸਲ 'ਚ ਉਹ ਪਿਤਾ ਦੇ ਬਰਾਬਰ ਹੈ ਅਤੇ ''ਪਰਮੇਸ਼ੁਰ'' ਅਤੇ ''ਪਰਾਕਰਮੀ ਪਰਮੇਸ਼ੁਰ'' ਅਖਵਾਉਂਦਾ ਹੈ (ਫ਼ਿਲਿੱਪੀਆਂ 2:6; ਯਸਾਯਾਹ 9:6)।

ਯਿਸੂ ਪਿਤਾ ਦੇ ਮਤਹਿਤ ਹੈ, ਇਸ ਕਰਕੇ ਕਈ ਕਈਆਂ ਨੇ ਨਾ ਸਿਰਫ਼ ਉਹਦੇ ਅਨਾਦੀ ਹੋਣ ਦਾ ਇਨਕਾਰ ਕੀਤਾ ਹੈ ਬਲਕਿ ਇਹ ਵੀ ਇਨਕਾਰ ਕੀਤਾ ਹੈ ਕਿ ਉਹ ''ਉਸ ਦੇ ਤੇਜ ਦਾ ਪ੍ਰਤੀਬਿੰਬ'' ਹੈ (ਇਬਰਾਨੀਆਂ 1:3)। ਚੌਥੀ ਸਦੀ ਵਿਚ ਸਿਕੰਦਰੀਆ ਦੇ ਅਰਿਉਸ ਨੇ ਇਹ ਦਾਅਵਾ ਕਰਦਿਆਂ ਕਿ ਯਿਸੂ ਖ਼ੁਦਾ ਵਰਗਾ (ਯੂ.: *homoi*) ਸੀ, ਇਹ ਮੰਨਣ ਤੋਂ ਇਨਕਾਰ ਕਰ

ਦਿੱਤਾ ਕਿ ਯਿਸੂ ਦਾ ਵਜੂਦ (ਯੂ.: *ousios*) ਪਿਤਾ ਵਾਂਗ (ਯੂ.: *homo*) ਹੀ ਹੈ। ਨਤੀਜੇ ਵਜੋਂ ਉਹਨੇ ਇਹ ਦਾਅਵਾ ਕੀਤਾ ਕਿ ਯਿਸੂ ਅਨਾਦੀ ਨਹੀਂ ਹੈ ਭਾਵ ਉਹ ਰਚੇ ਗਏ ਜੀਵਾਂ ਵਿੱਚੋਂ ਇਕ ਹੈ ਜੋ ਮਨੁੱਖ ਤੋਂ ਥੋੜ੍ਹਾ ਉੱਪਰ ਹੈ ਪਰ ਖ਼ੁਦਾ ਤੋਂ ਘੱਟ। ਅਥਨਸਿਉਸ ਨੇ ਇਹ ਜ਼ੋਰ ਦਿੰਦਿਆਂ ਏਰਿਯੁਸ ਦਾ ਵਿਰੋਧ ਕੀਤਾ ਕਿ ਇਬਰਾਨੀਆਂ 1:3 ਵਾਲਾ ''ਤੱਤ'' ਜਾਂ ''ਪ੍ਰਤੀਬਿੰਬ'' (ਯੂ.: *hupostasis*) ਖ਼ੁਦਾ ਵਾਂਗ ਓਸੇ ਜੀਵ (ਯੂ.: *homoousios*) ਦਾ ਹੈ ਨਾ ਕਿ ਉਹਦੇ ਵਰਗਾ (ਯੂ.: *homoiousios*) ਹੀ। ਇਸ ਤਰ੍ਹਾਂ ਸ਼ਬਦ-ਜੋੜ ਵਿਚ ਐਨਾ ਛੋਟਾ ਜਿਹਾ ਫ਼ਰਕ ਸੀ ਕਿ ਇਸ ਵਿਚ ਇਕ ਅੱਖਰ ''i'' (ਆਈ) ਜੋੜਿਆ ਜਾਂ ਕੱਢਿਆ ਜਾ ਸਕਦਾ ਸੀ, ਪਰ ਸਿੱਖਿਆ ਵਿਚ ਇਹ ਫ਼ਰਕ ਦੁਨੀਆਂ ਬਣਨ ਅਤੇ ਰਚਣਹਾਰੇ ਭਾਵ ਮਨੁੱਖ ਜਾਤੀ ਅਤੇ ਖ਼ੁਦਾ ਵਿਚਲਾ ਸੀ।

''ਪਰਮੇਸ਼ੁਰ ਦਾ ਪੁੱਤਰ'' ਵਾਕ ਅੰਸ਼ ਦਾ ਅਧਿਐਨ ਬੜੇ ਧਿਆਨ ਨਾਲ ਹੋਣਾ ਚਾਹੀਦਾ ਹੈ, ਕਿਉਂਕਿ ਜੇ ਖ਼ੁਦਾ ਨੇ ਅਸਲ 'ਚ ਪੁੱਤਰ ਨੂੰ ਜਨਮ ਦਿੱਤਾ ਸੀ ਤਾਂ, ਜਨਮ ਲੈਣ ਵਾਲਾ ਉਹ ਪੁੱਤਰ ਆਪਣੇ ਪਿਤਾ ਤੋਂ ਉਮਰ ਵਿਚ ਛੋਟਾ ਹੈ ਅਤੇ ਅਨਾਦੀ ਨਹੀਂ ਹੈ। ਮਸੀਹ ਜਿਸ ਨੂੰ ਜਨਮ ਦਿੱਤਾ ਗਿਆ ਹੋਵੇ, ਅਨਾਦੀ ਮਸੀਹ ਨਹੀਂ ਹੋ ਸਕਦਾ। ਇਹ ਮੁਸ਼ਕਿਲ ਉਹਦੇ ''ਸਭ ਯੁੱਗਾਂ ਤੋਂ ਪਹਿਲਾਂ ਜਨਮ ਲੈਣ'' ਜਾਂ ਉਹਦੇ ''ਅਨਾਦੀ ਪੀੜ੍ਹੀ'' ਹੋਣ ਦੀ ਗੱਲ ਕਹਿ ਕੇ ਦੂਰ ਨਹੀਂ ਹੋ ਜਾਂਦੀ। ਜਿਸਦਾ ਅਰਥ ਅਨਾਦੀ ਭਾਵ ਬਿਨਾ ਆਦਿ ਅਤੇ ਅੰਤ ਦੀ ਚੱਲਦੀ ਰਹਿਣ ਵਾਲੀ ਪ੍ਰਕਿਰਿਆ ਹੋਵੇ। ਬਾਈਬਲ ਦੇ ਲੇਖਕਾਂ ਨੂੰ ਇਸ ਤਰਕਸੰਗਤ ਮੁਸ਼ਕਿਲ ਨੂੰ ਹੱਲ ਕਰਨ ਦੀ ਲੋੜ ਨਹੀਂ ਸੀ, ਕਿਉਂਕਿ ਉਨ੍ਹਾਂ ਨੇ ਇਹ ਨਹੀਂ ਲਿਖਿਆ ਕਿ ਯਿਸੂ ਨੂੰ ਰਚਨਾ ਤੋਂ ਪਹਿਲਾਂ ਉਹਦੇ ਵਜੂਦ ਵਿਚ ਜਨਮ ਦਿੱਤਾ ਗਿਆ ਸੀ।[9]

ਬਾਈਬਲ ਦੇ ਲੇਖਕਾਂ ਨੇ ਯਿਸੂ ਦੇ ਜਨਮ ਦੀ ਗੱਲ ਉਦੋਂ ਕੀਤੀ ਸੀ ਜਦ ਉਹਨੇ ਬੈਤਲਹਮ ਵਿਚ ਜਨਮ ਲਿਆ ਸੀ। ਜ਼ਾਹਿਰ ਹੈ ਕਿ ਇਸੇ ਕਰਕੇ ਉਹਨੂੰ ''ਪਰਮੇਸ਼ੁਰ ਦਾ ਪੁੱਤਰ'' ਕਿਹਾ ਗਿਆ ਸੀ (ਲੂਕਾ 1:35)। ਫਿਰ ਮੁਰਦਿਆਂ ਵਿੱਚੋਂ ਜੀ ਉੱਠਣ ਅਤੇ ਸੁਰਗ ਵਿਚ ਵਡਿਆਈ ਪਾਉਣ 'ਤੇ ਉਹਨੂੰ ਪੈਦਾ ਕਰਨ ਦੀ ਗੱਲ ਕਹੀ ਗਈ ਸੀ (ਰਸੂਲਾਂ ਦੇ ਕੰਮ 13:30-35; ਇਬਰਾਨੀਆਂ 1:3-5; 5:5)। ਉਸ ਤੋਂ ਬਾਅਦ ਯਿਸੂ ਨੂੰ ਦੁਨਿਆਵੀ ਅਤੇ ਸੰਕੇਤਕ ਅਰਥ ਵਿਚ ''ਖ਼ੁਦਾ ਦਾ ਪੁੱਤਰ'' ਕਿਹਾ ਜਾਣਾ ਢੁਕਵਾਂ ਸੀ, ਪਰ ਰਚਨਾ ਤੋਂ ਪਹਿਲਾਂ ਉਹਨੂੰ ਇਵੇਂ ਨਹੀਂ ਸੱਦਿਆ ਗਿਆ ਸੀ। ਜੇ ਸੰਸਾਰ ਦੇ ਰਚੇ ਜਾਣ ਤੋਂ ਪਹਿਲਾਂ ਪਿਤਾ/ਪੁੱਤਰ ਸਬੰਧ ਸੀ, ਤਾਂ ਪੁੱਤਰ ਦੀ ਉਮਰ ਪਿਤਾ ਜਿੰਨੀ ਨਹੀਂ ਹੋ ਸਕਦੀ। ਇਸ ਤੋਂ ਇਲਾਵਾ ਜੇ ਉਸ ਵਕਤ ਪਰਿਵਾਰ ਹੈ ਸੀ ਤਾਂ ਕੋਈ ਹੈਰਾਨ ਹੋ ਸਕਦਾ ਹੈ ਕਿ ਫਿਰ ਮਾਂ ਕੌਣ ਸੀ ਅਤੇ ਪਰਿਵਾਰ ਵਿਚ ਪਵਿੱਤਰ ਆਤਮਾ ਦਾ ਕੀ ਰਿਸ਼ਤਾ ਸੀ। ਜੇ ਦੁਨੀਆਂ ਬਣਨ ਤੋਂ ਪਹਿਲਾਂ ਯਿਸੂ ''ਖ਼ੁਦਾ ਦਾ ਪੁੱਤਰ'' ਨਹੀਂ ਸੀ ਤਾਂ ਉਨ੍ਹਾਂ ਔਖੇ ਸਵਾਲਾਂ ਦਾ ਜਵਾਬ ਮਿਲ ਸਕਦਾ ਹੈ।

ਯਿਸੂ ਨੂੰ ਹੁਣ ਖ਼ੁਦਾ ਦਾ ਪੁੱਤਰ ਕਿਹਾ ਜਾਂਦਾ ਹੈ। ਇਸ ਕਰਕੇ ਪਾਪੀਆਂ ਨੂੰ ਚਾਹੀਦਾ ਹੈ ਕਿ ਇਸ ਹਕੀਕਤ ਨੂੰ ਜਾਣ ਕੇ ਦਿਲੋਂ ਵਿਸ਼ਵਾਸ ਕਰਨ (ਰੋਮੀਆਂ 10:9, 10)। ਪਾਪੀ ਨੂੰ ਇਹ ਜਾਣਨ ਦੀ ਲੋੜ ਨਹੀਂ ਕਿ ਯਿਸੂ ਨੂੰ ਉਹ ਰੁਤਬਾ ਕਦ ਅਤੇ ਕਿਸ ਅਰਥ ਵਿਚ ਮਿਲਿਆ ਹੈ। ਸਗੋਂ ਹਰ ਪਾਪੀ ਨੂੰ ਇਹ ਜਾਣ ਕੇ ਖ਼ੁਦਾ ਦੀ ਵਡਿਆਈ ਕਰਨੀ ਚਾਹੀਦੀ ਹੈ ਕਿ ਇਸ ਨਾਂਅ ਨਾਲ ਖ਼ੁਦਾਈ ਦੇ ਬਹੁਮੁੱਲੇ ਅਤੇ ਸਾਰਥਕ ਸਬੰਧਾਂ ਦਾ ਪਤਾ ਲਗਦਾ ਹੈ। ਹਰ ਕੋਈ ਪਿਤਾ ਦੇ ਉਸ ਪਿਆਰ ਲਈ ਅਨੰਦਿਤ ਹੋ ਸਕਦਾ ਹੈ ਜੋ ਉਹ ਆਪਣੇ ਲੋਕਾਂ ਨਾਲ ਕਰਦਾ ਹੈ।

ਖ਼ੁਦਾ ਦੇ ਪੁੱਤਰ ਦਾ ਖ਼ੁਦਾ ਤੋਂ ਘੱਟ ਨਾ ਹੋਣਾ ਬਹੁਤੇ ਲੋਕਾਂ ਲਈ ਠੇਡਾ ਲਾਉਣ ਵਾਲਾ ਪੱਥਰ

ਅਤੇ ਠੋਕਰ ਖਾਣ ਦੀ ਚੱਟਾਨ ਹੈ (ਰੋਮੀਆਂ 9:33)। ਜ਼ਿਆਦਾਤਰ ਯਹੂਦੀ ਅਤੇ ਉਦਾਰਵਾਦੀ ਲੋਕ ਇਹ ਤਾਂ ਮੰਨ ਲੈਣਗੇ ਕਿ ''ਉਹ ਇਕ ਨੇਕ ਇਨਸਾਨ ਹੈ'' ਪਰ ਉਹਦੇ ਖ਼ੁਦਾ ਹੋਣ ਦੀ ਗੱਲ ਨੂੰ ਨਹੀਂ ਮੰਨਦੇ (ਯੂਹੰਨਾ 7:12)।

ਬਹੁਤੇ (ਜਿਵੇਂ ਯਹੂਦੀ, ਨਾਸਤਿਕ, ਆਰੀਆ ਅਤੇ ਹੋਰ) ਲੋਕ ਯਿਸੂ ਨੂੰ ਖ਼ੁਦਾ ਤੋਂ ਘੱਟ ਦੱਸਦੇ ਹਨ ਜਦ ਕਿ ਕਈ ਤਾਂ ਪਰਮੇਸ਼ੁਰ ਪਿਤਾ ਅਤੇ ਪਰਮੇਸ਼ੁਰ ਪੁੱਤਰ ਵਿਚ ਫ਼ਰਕ ਕਰਨ ਤੋਂ ਹੀ ਨਾਂਹ ਕਰਦੇ ਹਨ। ਤੀਜੀ ਸਦੀ ਵਿਚ ਵਿਅਕਤੀਵਾਦੀਆਂ ਨੇ (ਯੂਹੰਨਾ 10:30; 14:9 ਦੀ ਦੁਰਵਰਤੋਂ ਕਰਦਿਆਂ) ਦਾਅਵਾ ਕੀਤਾ ਕਿ ਪੁੱਤਰ ਹੀ ਪਰਮੇਸ਼ੁਰ ਸੀ। ਉਹ ਯਿਸੂ ਨੂੰ ''ਸੰਸਾਰ ਦਾ ਖ਼ੁਦਾ ਅਤੇ ਪਿਤਾ'' ਆਖਦੇ ਸਨ।[10] ''ਪੈਟਰੀਪੈਸੀਅਨ'' ਨਾਮਕ ਇਕ ਫ਼ਿਰਕੇ ਦੀ ਸਿੱਖਿਆ ਸੀ ਕਿ ਪਿਤਾ ਦੁੱਖ ਸਹਿ ਕੇ ਸਲੀਬ 'ਤੇ ਮਰ ਗਿਆ ਸੀ। ਇਸ ਸਦੀ ਦੇ ਇਕ ਧਾਰਮਿਕ ਫ਼ਿਰਕੇ ਨੇ ਆਪਣੇ ਵਿਸ਼ਵਾਸ ਵਿਚ ਤੀਜੀ ਸਦੀ ਦੇ ਵਿਚਾਰ ਦਾ ਕੁਝ ਹਿੱਸਾ ਲਿਆ ਹੈ ਕਿ ਖ਼ੁਦਾ ਵਿਚ ਸਿਰਫ਼ ਇੱਕੋ ਸ਼ਖ਼ਸ ਹੈ। ਉਹ ਬਹੁਤ ਸਾਰੀਆਂ ਆਇਤਾਂ ਦੀ ਦੁਰਵਰਤੋਂ ਕਰਦਿਆਂ ਉਹ ਇਸ ਗੱਲ ਤੇ ਅੜੇ ਹਨ ਕਿ ਪੁੱਤਰ ਕਿਸੇ ਵੀ ਤਰ੍ਹਾਂ ਪਿਤਾ ਤੋਂ ਫ਼ਰਕ ਨਹੀਂ ਹੈ।[11]

## ਰਚਨਾ ਤੋਂ ਬੈਤਲਹਮ ਤਕ

''ਅਸੀਂ ਮਨੁੱਖ ਨੂੰ ਬਣਾਈਏ'' (ਉਤਪਤ 1:26) ਕਥਨ ਤੋਂ ਸੰਕੇਤ ਮਿਲਦਾ ਹੈ ਕਿ ਦੁਨੀਆਂ ਬਣਨ ਵਿਚ ਘੱਟੋ-ਘੱਟ ਇਕ ਖ਼ੁਦਾਈ ਮਦਦਗਾਰ ਜ਼ਰੂਰ ਹੈ। ਪੁਰਾਣੇ ਨੇਮ ਦੇ ਹੋਰ ਹਵਾਲਿਆਂ ਤੋਂ ਸਾਫ਼ ਹੈ ਕਿ ਇਹ ਮਦਦਗਾਰ ਆਤਮਾ ਹੀ ਸੀ (ਉਤਪਤ 1:2; 33:4; ਜ਼ਬੂਰ 104:30; ਅੱਯੂਬ 26:13 ਵੀ ਵੇਖੋ; KJV)। ਇਕ ਹੋਰ ਸਹਾਇਕ ਜਿਸ 'ਤੇ ਸਭ ਤੋਂ ਵੱਧ ਜ਼ੋਰ ਦਿੱਤਾ ਜਾਂਦਾ ਹੈ, ਯਿਸੂ ਸੀ ਜਿਸਨੂੰ ਵਚਨ ਦੇ ਰੂਪ ਵਿਚ ਦੱਸਿਆ ਗਿਆ ਹੈ:

> ਆਦਿ ਵਿਚ ਸ਼ਬਦ ਸੀ ਅਰ ਸ਼ਬਦ ਪਰਮੇਸ਼ੁਰ ਦੇ ਸੰਗ ਸੀ ਅਤੇ ਸ਼ਬਦ ਪਰਮੇਸ਼ੁਰ ਸੀ। ਇਹੋ ਆਦਿ ਵਿਚ ਪਰਮੇਸ਼ੁਰ ਦੇ ਸੰਗ ਸੀ। ਸੱਭੋ ਕੁਝ ਉਸ ਤੋਂ ਰਚਿਆ ਗਿਆ ਅਤੇ ਰਚਨਾ ਵਿੱਚੋਂ ਇਕ ਵਸਤੁ ਭੀ ਉਸ ਤੋਂ ਬਿਨਾ ਨਹੀਂ ਰਚੀ ਗਈ (ਯੂਹੰਨਾ 1:1-3; ਵੇਖੋ ਇਬਰਾਨੀਆਂ 1:1-3)।

ਹਜ਼ਾਰਾਂ ਲੋਕਾਂ ਨੂੰ ਯੂਹੰਨਾ ਦੇ ਇਸ ਐਲਾਨ ਦਾ ਕਿ ਦੇਹਧਾਰੀ ਹੋਇਆ ਸ਼ਬਦ, *ਲੋਗੋਸ* ਹੀ ਸੀ ਸਮਝਣਾ ਮੁਸ਼ਕਿਲ ਲਗਦਾ ਹੈ। ਇਕ ਆਇਤ ਵਿਚ ਜਿੱਥੇ ਉਹਦੀ ਪਛਾਣ ਖ਼ੁਦਾ ਦੇ ਤੌਰ ਕਰਵਾਈ ਗਈ ਹੈ, ਉਹਨੂੰ ਖ਼ੁਦਾ ਤੋਂ ਫ਼ਰਕ ਵੀ ਵਿਖਾਇਆ ਜਾਂਦਾ ਹੈ। *ਲੋਗੋਸ* (ਇਕ ਯੂਨਾਨੀ ਸ਼ਬਦ ਹੈ ਜਿਸਦਾ ਪੰਜਾਬੀ ਅਨੁਵਾਦ ਸ਼ਬਦ ਹੈ ) ਦੇ ਬਗੈਰ ਕੁਝ ਵੀ ਨਹੀਂ ਬਣਿਆ। ਇਸ ਸ਼ਬਦ ਦਾ ਅਰਥ ਕੀ ਹੈ? ਆਮ ਨਾਉਂ ਦੇ ਰੂਪ ਵਿਚ ਇਹ ਕੋਈ ਵਿਚਾਰ ਦੇਣ ਵਾਲਾ ਸਪੱਸ਼ਟ ਸ਼ਬਦ ਹੋ ਸਕਦਾ ਹੈ। ਕਿਸੇ ਜੋੜਬੰਦੀ ਨੂੰ ਮੰਨਣ ਦੀ ਲੋੜ ਨਹੀਂ ਹੈ, ਪਰ ਸ਼ਾਇਦ (ਮਨੁੱਖੀ ਕਾਰਜਾਂ ਦੀ ਭਾਸ਼ਾ ਵਿਚ) ਇਨ੍ਹਾਂ ਸ਼ਬਦਾਂ ਵਿਚ ਇਹਦਾ ਅਰਥ ਹੈ:

> ਕਿਉਂਕਿ ਜਦ ਉਹਨੇ ਕਿਹਾ, ਤਦ ਹੋ ਗਿਆ,
> ਜਦ ਉਹਨੇ ਆਗਿਆ ਦਿੱਤੀ, ਤਦ ਅਸਲ ਵਿਚ ਉਵੇਂ ਹੀ ਹੋ ਗਿਆ
> (ਜ਼ਬੂਰ 33:9)।

> ਅਕਾਸ਼ ਮੰਡਲ ਯੋਹਵਾਹ ਦੇ ਵਚਨ ਨਾਲ
> ਅਤੇ ਉਹਦੀ ਸਾਰੀ ਵੱਸੋਂ ਉਹਦੇ ਮੂੰਹ ਦੇ ਸਾਹ ਨਾਲ ਬਣੇ
> (ਜ਼ਬੂਰ 33:6)।[12]

ਇਸ ਕਰਕੇ ਯੂਹੰਨਾ ਦੇ ਅਖ਼ਤਿਆਰ 'ਤੇ ਜ਼ਬੂਰ 33:6 ਵਿਚ ਦਾਊਦ ਦੀ ਗੱਲ ਸਹੀ ਸਹੀ ਪੜ੍ਹੀ ਜਾ ਸਕਦੀ ਹੈ:

> ਅਕਾਸ਼ ਮੰਡਲ ਯਹੋਵਾਹ ਦੇ *ਲੋਗੋਸ* ਅਤੇ ਉਹਦੀ ਵੱਸੋਂ ਉਹਦੇ ਮੂੰਹ ਦੇ ਸਾਹ ਤੋਂ ਬਣੀ।

ਪਰ *ਲੋਗੋਸ* ਦਾ ਇਸ ਤਰ੍ਹਾਂ ਵਰਣਨ ਤੋਂ ਭਾਵ ਹੈ ਕਿ ਬਿਨਾ ਜੋੜਬੰਦੀ ਦੇ ਉਹ ਆਪ ਖ਼ੁਦਾ ਸੀ।

ਯਿਸੂ ਨੂੰ *ਲੋਗੋਸ* ਸ਼ਾਇਦ ਇਸ ਲਈ ਕਿਹਾ ਗਿਆ ਹੈ ਕਿਉਂਕਿ ਇਹ ਸ਼ਬਦ ਬੜਾ ਹੀ ਵਿਆਪਕ ਹੈ। ਮੂੰਹ ਦੀ ਗੱਲ ਦੇ ਕਿਸੇ ਵਿਚਾਰ ਨੂੰ ਪੇਸ਼ ਕਰਨ ਵਾਂਗ *ਲੋਗੋਸ* ਵਿਚਾਰ ਅਤੇ ਤਰਕ ਨੂੰ ਵਿਖਾਉਂਦਾ ਹੈ। ਫ਼ਿਲਾਸਫ਼ੀ ਵਿਚ, *ਲੋਗੋਸ* ਦੀ ਪਰਿਭਾਸ਼ਾ ਸੰਸਾਰ ਦੇ ਤਰਕਸੰਗਤ ਨਿਯਮ ਦੇ ਰੂਪ ਵਿਚ ਕੀਤੀ ਜਾਂਦੀ ਹੈ। ਯਿਸੂ 'ਤੇ ਲਾਗੂ ਕਰਨ 'ਤੇ ਇਹ ਤਰਕ ਅਤੇ ਬੁੱਧ ਦਾ ਮਨੁੱਖੀਕਰਣ ਹੈ।

*ਲੋਗੋਸ* ਨੇ ਸੰਸਾਰ ਵਿਚ ਬੁੱਧ, ਤਰਕ ਅਤੇ ਵਿਚਾਰ ਨੂੰ ਹੀ ਨਹੀਂ ਵਿਖਾਇਆ ਬਲਕਿ ਪੁਰਾਣੇ ਨੇਮ ਦੀਆਂ ਕਿਤਾਬਾਂ ਦੀ ਪ੍ਰੇਰਣਾ ਦੇਣ ਅਤੇ ਉਨ੍ਹਾਂ ਦੇ ਅਸਲ ਲੇਖਕ ਦੇ ਰੂਪ ਵਿਚ ਦੁਨੀਆਂ ਬਨਾਉਣ ਦੇ ਬਾਅਦ ਵੀ ਉਹਨੇ ਆਪਣਾ ਕੰਮ ਜਾਰੀ ਰੱਖਿਆ। ਪੇਸ਼ਨਗੋਈਆਂ ਕਰਨ ਵਾਲਿਆਂ ਵਿਚ ਮਸੀਹ ਦਾ ਆਤਮਾ ਸੀ (1 ਪਤਰਸ 1:10, 11)। ਮਸੀਹ ਨੇ ਹੀ ਦਾਊਦ ਨੂੰ ਪ੍ਰੇਰਣਾ ਦਿੱਤੀ ਭਾਵੇਂ ਦਾਊਦ ਨੇ ਇਹਨੂੰ ਇਸ ਤਰ੍ਹਾਂ ਬਿਆਨ ਕੀਤਾ ਸੀ:

> ਯਹੋਵਾਹ ਦਾ ਆਤਮਾ ਮੇਰੇ ਵਿਚ ਹੋ ਕੇ ਬੋਲਿਆ ਅਤੇ ਓਸੇ ਦਾ ਵਚਨ [*ਲੋਗੋਸ*] ਮੇਰੇ ਮੂੰਹ ਵਿਚ ਆਇਆ (2 ਸਮੂਏਲ 23:2)।[13]

ਦੁਨੀਆਂ ਬਣਨ ਤੋਂ ਬੈਤਲਹਮ ਤਕ ਯਿਸੂ *ਲੋਗੋਸ* ਹੀ ਨਹੀਂ ਸੀ ਜਿਹਨੇ ਦੁਨੀਆਂ ਬਣਾਈ ਅਤੇ ਨਬੂਵਤਾਂ ਕਰਨ ਵਾਲਿਆਂ ਨੂੰ ਪ੍ਰੇਰਣਾ ਦਿੱਤੀ, ਬਲਕਿ ਉਹ ਇਸਰਾਏਲੀਆਂ ਦੇ ਅੱਗੇ ਚੱਲਣ ਵਾਲੀ ਰੂਹਾਨੀ ਚੱਟਾਨ ਵੀ ਸੀ। ਓਸੇ ਨੇ ਉਨ੍ਹਾਂ ਦੀ ਪਿਆਸ ਬੁਝਾਈ ਸੀ (1 ਕੁਰਿੰਥੀਆਂ 10:4)।

ਅਖ਼ੀਰ 'ਚ ਉਹਦਾ ਬਿਆਨ ਇਕ ਅਜਿਹੇ ਵਾਕ ਅੰਸ਼ ''ਜੋ ਆਉਂਦਾ ਹੈ'' (ਜ਼ਬੂਰ 118:26; ਮੱਤੀ 11:3; 21:9 ਵੀ ਵੇਖੋ) ਤੋਂ ਹੋਇਆ ਜੋ ਬਹੁਤ ਹੀ ਖ਼ਾਸ ਬਣ ਗਿਆ ਅਤੇ ਉਸ ਤੇ ਉਮੀਦ ਰੱਖਣ ਵਾਲਿਆਂ ਦੀਆਂ ਆਸਾਂ ਵੀ ਬਣ ਗਿਆ।

## ਬੈਤਲਹਮ ਤੋਂ ਜੀ ਉੱਠਣ ਤਕ

ਸਮਾਂ ਪੂਰਾ ਹੋਣ 'ਤੇ ਜਿਸਦੇ ਆਉਣ ਦੀ ਉਡੀਕ ਕੀਤੀ ਜਾਂਦੀ ਸੀ, ਉਹ ''ਸੁਰਗ ਤੋਂ ਉਤਰ ਆਇਆ'' (ਯੂਹੰਨਾ 6:51; ਗਲਾਤੀਆਂ 4:4)। ਸੁਰਗ ਦਾ ਪਹਿਲਾਂ ਵਾਲਾ ਰੂਹਾਨੀ *ਲੋਗੋਸ* ਮਨੁੱਖ ਦੇ ਰੂਪ ਵਿਚ ਦੇਹਧਾਰੀ ਹੋਇਆ (ਯੂਹੰਨਾ 1:14)। ਖ਼ੁਦਾ ਦੀ ਯੋਜਨਾ ਸੀ ਕਿ ਧਾਰਮਿਕ ਰੂਪ ਵਿਚ ਉਹ ਤੀਵੀਂ ਦੀ ਸੰਤਾਨ, ਅਬਰਾਹਾਮ ਦੀ ਸੰਤਾਨ ਅਤੇ ਦਾਊਦ ਦੀ ਸੰਤਾਨ ਹੋਵੇ (ਉਤਪਤ 3:15; 22:18; ਵੇਖੋ 2 ਸਮੂਏਲ 7:12-14)। ਖ਼ੁਦਾ ਦੀ ਇਹ ਵੀ ਯੋਜਨਾ ਸੀ

ਕਿ ਉਹਦਾ ਜਨਮ ਕੁਆਰੀ ਤੋਂ ਹੋਵੇ,[14] ਜੋ ਕਿ ਛੋਟੀ ਗੱਲ ਨਹੀਂ ਹੈ।

ਬਗ਼ੈਰ ਪਿਤਾ ਦੇ (*parthenogenesis*) ਬੱਚੇ ਦੇ ਜਨਮ ਨੂੰ ਨਾਮੁਮਕਿਨ ਦੱਸਣ ਅਤੇ ਪ੍ਰਕ੍ਰਿਤੀਵਾਦੀਆਂ ਦੀ ਅਲੋਚਨਾ ਨਾਲ ਕੁਝ ਲੋਕਾਂ ਦਾ ਵਿਸ਼ਵਾਸ ਕਮਜ਼ੋਰ ਹੋਇਆ ਹੈ। ਪਰ ਜਿਵੇਂ ਪ੍ਰਕ੍ਰਿਤੀਵਾਦੀ ਨੂੰ ਇਹ ਨਹੀਂ ਸਮਝ ਸਕਦਾ ਕਿ ਗਰਭ ਵਿਚ ਬੱਚੇ ਦੀਆਂ ਹੱਡੀਆਂ ਕਿਵੇਂ ਵਧਦੀਆਂ ਹਨ ਓਸੇ ਤਰ੍ਹਾਂ ਉਹ ਇਹ ਵੀ ਨਹੀਂ ਸਮਝ ਸਕਦਾ ਕਿ ਇਕੱਲੀ ਮਾਂ ਤੋਂ ਬੱਚੇ ਦਾ ਜਨਮ ਕਿਵੇਂ ਹੋ ਸਕਦਾ ਹੈ (ਉਪਦੇਸ਼ਕ ਦੀ ਪੋਥੀ 11:5)। ਜੇ ਯਿਸੂ ਦਾ ਜਨਮ ਮਾਤਾ ਅਤੇ ਪਿਤਾ ਦੋਹਾਂ ਤੋਂ ਹੋਇਆ ਹੁੰਦਾ ਤਾਂ ਉਹਨੇ ਸਾਡੇ ਤੋਂ ਉੱਪਰ ਭਾਵ ਖ਼ੁਦਾ ਨਹੀਂ ਸੀ ਹੋਣਾ। ਜੇ ਕੋਈ ਇਹ ਆਖਦਾ ਹੈ ਕਿ ਉਹ ਯਿਸੂ 'ਚ ਤਾਂ ਵਿਸ਼ਵਾਸ ਕਰਦਾ ਹੈ ਪਰ ਉਹਦੇ ਕੁਆਰੀ ਤੋਂ ਪੈਦਾ ਹੋਣ 'ਚ ਨਹੀਂ, ਤਾਂ ਉਹ ਇਹ ਕਹਿ ਰਿਹਾ ਹੈ ਕਿ ਉਹ ਪੂਰੀ ਤਰ੍ਹਾਂ ਮਨੁੱਖ ਮੰਨਦਾ ਹੈ। ਜੇ ਉਹ ਮਨੁੱਖ ਹੀ ਹੁੰਦਾ ਤਾਂ ਇਹ ਸੋਚਣ ਦਾ ਕੋਈ ਕਾਰਣ ਨਹੀਂ ਸੀ ਕਿ ਉਹਦੇ ਲਹੂ ਵਿਚ ਹੋਰ ਭਲੇ ਲੋਕਾਂ ਦੇ ਲਹੂ ਨਾਲੋਂ ਵੱਧ ਬਚਾਉਣ ਦੀ ਸ਼ਕਤੀ ਹੋਵੇਗੀ। ਇਹਦੇ ਇਲਾਵਾ ਜੇ ਉਹ ਨਿਰ੍ਹਾ ਮਨੁੱਖ ਹੀ ਹੁੰਦਾ ਤਾਂ ਨਾ ਤਾਂ ਉਹ ਕਬਰ ਵਿੱਚੋਂ ਜੀ ਉੱਠ ਸਕਦਾ ਸੀ ਅਤੇ ਨਾ ਕਿਸੇ ਹੋਰ ਮੁਰਦੇ ਨੂੰ ਜ਼ਿੰਦਾ ਕਰ ਸਕਦਾ ਸੀ। ਕੁਆਰੀ ਤੋਂ ਜਨਮ ਦੇ ਬਗ਼ੈਰ ਮਸੀਹੀਅਤ ਲਹੂ ਅਤੇ ਜੀ ਉੱਠਣ ਦੇ ਬਗ਼ੈਰ ਧਰਮ ਬਣ ਜਾਵੇਗੀ। ਇਹ ਸਿਰਫ਼ ਇਸ ਜ਼ਿੰਦਗੀ ਲਈ ਇਕ ਸਮਾਜਕ ਖੁਸ਼ਖਬਰੀ ਤਕ ਸੀਮਿਤ ਹੋ ਜਾਂਦੀ।

ਯਿਸੂ ਦਾ ਖ਼ੁਦਾ ਹੋਣਾ ਉਹਦੇ ਇਲਾਹੀ (ਮਨੁੱਖੀ ਨਹੀਂ) ਪਿਤਾ 'ਤੇ ਨਿਰਭਰ ਹੈ, ਉਸ ਕਰਕੇ ਉਹਦਾ ''ਖ਼ੁਦਾ ਦਾ ਪੁੱਤਰ'' (ਲੂਕਾ 1:35) ਅਖਵਾਉਣ ਦੀ ਅਹਿਮੀਅਤ ਸਪੱਸ਼ਟ ਹੋ ਜਾਂਦੀ ਹੈ। ਇਸ ਦੇ ਨਾਲ ਹੀ ਯਿਸੂ ਨੇ ''ਮਨੁੱਖ ਦਾ ਪੁੱਤਰ'' ਅਖਵਾਉਣਾ ਵੀ ਜ਼ਰੂਰੀ ਸਮਝਿਆ। ਉਹਦੇ ਮੂੰਹ 'ਚੋਂ ਨਿੱਕਲੇ ਉਸ ਸ਼ਬਦ ਨੂੰ ਬਿਆਸੀ ਵਾਰ ਲਿਖਿਆ ਗਿਆ ਹੈ ਜੋ ਦੂਜੇ ਕਿਸੇ ਵੀ ਸ਼ਬਦ ਨਾਲੋਂ ਵੱਧ ਹੈ। ਮਨੁੱਖ ਦਾ ਪੁੱਤਰ ਹੋਣ ਕਰਕੇ ਉਹ ਮਨੁੱਖ ਸੀ ਅਤੇ ਸਾਰੇ ਸੰਸਾਰ ਦੇ ਪਾਪਾਂ ਲਈ ਵਹਾਏ ਜਾਣ ਲਈ ਲਹੂ ਉਹਦੇ ਕੋਲ ਸੀ (ਮੱਤੀ 26:28; ਇਬਰਾਨੀਆਂ 2:9; 9:22;1 ਯੂਹੰਨਾ 2:2)। ਮਨੁੱਖ ਦੇ ਪੁੱਤਰ ਦੇ ਰੂਪ ਵਿਚ ਉਹ ਮਨੁੱਖ ਦੀਆਂ ਕਮਜ਼ੋਰੀਆਂ ਨਾਲ ਹਮਦਰਦੀ ਰੱਖਦਾ ਸੀ (ਇਬਰਾਨੀਆਂ 2:17, 18; 4:15)। ਉਹ ਮਨੁੱਖ ਦਾ ਖ਼ੁਦਾਈ ਪੁੱਤਰ ਸੀ ਇਸ ਕਰਕੇ ਉਹਨੇ ਮਰਨਾ ਹੀ ਸੀ, ਪਰ ਮਰ ਕੇ ਉਹ ਮੌਤ ਤੇ ਫ਼ਤਹਿ ਪਾ ਸਕਦਾ ਸੀ (ਯੂਹੰਨਾ 11:25-27; 14:19; 2 ਤਿਮੋਥਿਉਸ 1:10)।

ਕੁਝ ਲੋਕ ਕਲਪਨਾ ਕਰਦੇ ਹਨ ਕਿ ਖ਼ੁਦਾ ਲਈ ਮਨੁੱਖ ਬਣਨ ਦਾ ਅਰਥ ਆਪਣੇ ਆਪ ਨੂੰ ਬਹੁਤ ਹੀ ਛੋਟਾ ਕਰ ਦੇਣਾ ਹੋਵੇਗਾ। ਉਦਾਹਰਣ ਲਈ, ਨਾਸਤਿਕਾਂ ਦੇ ਵਿਚਾਰ ਨਾਲ ਮਨੁੱਖ ਬਣਨਾ ਮਾੜਾ ਸੀ। ਉਨ੍ਹਾਂ ਮੁਤਾਬਕ ਖ਼ੁਦਾ ਮਨੁੱਖ ਨਹੀਂ ਬਣਿਆ ਬਲਕਿ ਉਹ ਵਾਸਤਵਿਕ ਮਨੁੱਖ ਯਿਸੂ ਉੱਤੇ ਬਪਤਿਸਮੇ ਵੇਲੇ ਉੱਤਰਿਆ ਅਤੇ ਉਹਦੇ ਸਲੀਬ ਦਿੱਤੇ ਜਾਣ ਦੇ ਬਾਅਦ ਉਹਨੂੰ ਛੱਡ ਕੇ ਚਲਾ ਗਿਆ। ਡੋਸਟਿਕ ਨਾਸਤਿਕ ਲੋਕ ਯਿਸੂ ਦੇ ਮਨੁੱਖ ਬਣਨ ਦਾ ਇਹ ਆਖ ਕੇ ਇਨਕਾਰ ਕਰਦੇ ਸਨ ਕਿ ਉਹ ਤਾਂ ਇਕ ਖ਼ਿਆਲੀ ਆਦਮੀ ਹੈ ਜੋ ਆਪਣੇ ਜਨਮ ਅਤੇ ਮੌਤ ਲਈ ਪਰਗਟ ਹੋਇਆ। ਇਸ ਕਰਕੇ ਉਹ ਹਕੀਕਤ ਨਹੀਂ ਹੈ।[15] ਕਈ ਬੇਵਿਸ਼ਵਾਸਿਆਂ ਨੇ ਯਿਸੂ ਨੂੰ ਪੂਰੀ ਤਰ੍ਹਾਂ ਮਿਥਿਆ ਬਨਾਉਣ ਦੀ ਕੋਸ਼ਿਸ਼ ਕੀਤੀ ਹੈ; ਪਰ ਅਜਿਹਾ ਕਰਕੇ, ਉਨ੍ਹਾਂ ਨੂੰ ਮੰਨਣਾ ਪਵੇਗਾ ਕਿ ਜਾਰਜ ਵਾਸ਼ਿੰਗਟਨ, ਜੂਲੀਆਸ ਸੀਜ਼ਰ, ਸਿਕੰਦਰ ਮਹਾਨ ਨੂੰ ਮਿਥਿਆ ਦੱਸਣਾ ਅਸਾਨ ਹੈ। ਨਤੀਜੇ ਵਜੋਂ ਬਹੁਤ ਸਾਰੇ ਬੇਵਿਸ਼ਵਾਸੇ ਲੋਕ ਪਹਿਲੀ ਸਦੀ ਵਿਚ ਹੋਏ

ਅਸਲੀ ਯਿਸੂ ਨਾਸਰੀ ਦੀ ਹਕੀਕਤ 'ਤੇ ਸ਼ੱਕ ਨਹੀਂ ਕਰਦੇ ਸਨ।

ਐਨੀ ਉਲਝਣ ਦੇ ਬਾਵਜੂਦ ਭਗਤੀ ਦਾ ਭੇਤ ਬਹੁਤ ਵੱਡਾ (1 ਤਿਮੋਥਿਉਸ 3:16) ਹੈ। ਕੋਈ ਬੰਦਾ ਇਹ ਨਹੀਂ ਸਮਝਾ ਸਕਦਾ ਕਿ ਖ਼ੁਦਾ ਮਨੁੱਖ ਕਿਵੇਂ ਬਣਿਆ ਜਾਂ ਉਹ ਫੇਰ ਜਲਾਲ ਵਿਚ ਕਿਵੇਂ ਗਿਆ, ਪਰ ਇਹ ਯਕੀਨ ਕਰਨਾ ਸੌਖਾ ਹੈ, ''ਕਿਉਂ ਜੋ ਪਰਮੇਸ਼ੁਰ ਇੱਕੋ ਹੈ ਅਰ ਪਰਮੇਸ਼ੁਰ ਅਤੇ ਮਨੁੱਖਾਂ ਵਿਚ ਇੱਕੋ ਵਿਚੋਲਾ ਹੈ ਜਿਹੜਾ ਆਪ ਮਨੁੱਖ ਹੈ ਅਰਥਾਤ ਮਸੀਹ ਯਿਸੂ'' (1 ਤਿਮੋਥਿਉਸ 2:5)। ਉਹ ਧਰਤੀ 'ਤੇ ਖ਼ੁਦਾ ਵੱਲੋਂ ਆਇਆ ਅਤੇ ਆਪਣੇ ਘਰ ਵਾਪਸ ਜਾਣ ਦਾ ਰਾਹ ਉਹਨੂੰ ਪਤਾ ਹੈ ''ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ'' (ਯੂਹੰਨਾ 14:6)।

## ਜੀ ਉੱਠਣ ਤੋਂ ਕਿਆਮਤ ਤਕ

ਯਿਸੂ ਨੇ ਆਪਣੀ ਸਰੀਰਕ ਮੌਤ ਦੇ ਪਾਰ ਸੁਰਗ ਵਿਚ ਆਪਣੇ ਪਿਤਾ ਨਾਲ ਫੇਰ ਤੋਂ ਵਡਿਆਈ ਪਾਉਣ ਦੀ ਹਾਲਤ ਨੂੰ ਵੇਖਿਆ (ਯੂਹੰਨਾ 17:5)। ''ਉਸ ਅਨੰਦ ਲਈ ਜੋ ਉਹਦੇ ਅੱਗੇ ਰੱਖਿਆ ਸੀ'' ਉਹਨੇ ਸ਼ਰਮਿੰਦਗੀ ਦੀ ਪਰਵਾਹ ਨਾ ਕਰਦਿਆਂ ਸਲੀਬ ਦਾ ਦੁੱਖ ਝੱਲਿਆ (ਇਬਰਾਨੀਆਂ 12:2)। ਉਹ ਤਾਕਤਵਰ ਆਦਮੀ ਦੇ ਮੌਤ ਦੇ ਘਰ 'ਚ ਵੜ ਕੇ ਤਿੰਨ ਦਿਨ ਰਿਹਾ ਜੋ ਇਹ ਸਾਬਿਤ ਕਰਨ ਲਈ ਕਾਫ਼ੀ ਸਮਾਂ ਸੀ ਕਿ ਉਹ ਸਚਮੁਚ ਮਰਿਆ। ਉੱਥੋਂ ਉਹਨੇ ਪਤਾਲ ਦੀਆਂ ਕੁੰਜੀਆਂ ਲਈਆਂ ''ਤਾਂ ਜੋ ਮੌਤ ਦੇ ਰਾਹੀਂ ਉਹ ਉਸ ਨੂੰ ਜਿਹ ਦੇ ਵੱਸ ਵਿਚ ਮੌਤ ਹੈ ਭਾਵ ਸ਼ੈਤਾਨ ਨੂੰ ਨਾਸ ਕਰੇ ਅਤੇ ਉਨ੍ਹਾਂ ਨੂੰ ਜਿਹੜੇ ਮੌਤ ਦੇ ਡਰ ਤੋਂ ਸਾਰੀ ਉਮਰ ਗੁਲਾਮੀ ਵਿਚ ਫਸੇ ਹੋਏ ਸਨ ਛੁਡਾਵੇ'' (ਇਬਰਾਨੀਆਂ 2:14, 15; ਵੇਖੋ ਪ੍ਰਕਾਸ਼ ਦੀ ਪੋਥੀ 1:17)। ''ਉਸ ਨੇ ਮੌਤ ਦਾ ਨਾਸ ਕਰ ਦਿੱਤਾ ਅਤੇ ਜੀਉਣ ਅਤੇ ਅਬਨਾਸ ਨੂੰ ਖੁਸ਼ ਖਬਰੀ ਦੇ ਰਾਹੀਂ ਪਰਕਾਸ਼ ਕੀਤਾ'' (2 ਤਿਮੋਥਿਉਸ 1:10)।

ਕਬਰ ਵਿੱਚੋਂ ਜੀ ਉੱਠਣ ਤੇ ਯਿਸੂ ਨੂੰ ਸਮਰੱਥਾ ਨਾਲ ਪਰਮੇਸ਼ੁਰ ਦਾ ਪੁੱਤਰ ਐਲਾਨਿਆ ਗਿਆ (ਰੋਮੀਆਂ 1:4)। ਜੀ ਉੱਠਣ ਵਾਲੇ ਐਤਵਾਰ (9 ਅਪ੍ਰੈਲ 30 ਈਸਵੀ) ਜ਼ਬੂਰ 2:7 ਵਿਚ ਲਿਖੀ ਖ਼ੁਦਾ ਦੀ ਇਹ ਮੁਬਾਰਕ ਪੁਕਾਰ ਪੂਰੀ ਹੋ ਗਈ: ''ਤੂੰ ਮੇਰਾ ਪੁੱਤਰ ਹੈਂ ਅੱਜ ਮੈਂ ਤੈਨੂੰ ਜਨਮ ਦੁਆਇਆ ਹੈ।'' ਯਿਸੂ ਮਸੀਹ ਨਾ ਤਾਂ ਅਨਾਦੀ ਕਾਲ ਤੋਂ ਦੁਨੀਆਂ ਬਣਨ ਤਕ ਅਤੇ ਨਾ ਦੁਨੀਆਂ ਬਣਨ ਤੋਂ ਬੈਤਲਹਮ ਦੇ ਸਮੇਂ ਖ਼ੁਦਾ ਦਾ ਪੁੱਤਰ ਸੀ। ਉਹ ਬੈਤਲਹਮ ਤੋਂ ਖ਼ੁਦਾ ਦਾ ਪੁੱਤਰ, ਭਾਵ ਮਰੀਅਮ ਅਤੇ ਪਿਤਾ ਦੇ ਆਤਮਾ ਦਾ ਬੱਚਾ ਬਣਿਆ ਸੀ (ਲੂਕਾ 1:35)। ਤਦ ਵੀ ਉਹ ਜ਼ਬੂਰ 2:7 ਦੇ ਅਰਥ ਵਿਚ ਖ਼ੁਦਾ ਦਾ ਪੁੱਤਰ ਨਹੀਂ ਸੀ। ਸਰੀਰਕ ਰੂਪ ਵਿਚ ਯਿਸੂ ਦੇ ਕੁਆਰੀ ਤੋਂ ਜਨਮ ਰਾਹੀਂ ਖ਼ੁਦਾ ਦਾ ਪੁੱਤਰ ਬਣਨ ਦੇ ਤੇਤੀ ਸਾਲ ਬਾਅਦ ਖ਼ੁਦਾ ਨੇ ਉਹਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕੀਤਾ ਸੀ (ਰਸੂਲਾਂ ਦੇ ਕੰਮ 13:33)। ਬਸ ਉਦੋਂ ਹੀ ਇਹ ਨਬੂਵਤ ਕਿ ''ਜਿਵੇਂ ਦੂਜੇ ਜ਼ਬੂਰ ਵਿਚ ਵੀ ਲਿਖਿਆ ਹੈ ਕਿ ਤੂੰ ਮੇਰਾ ਪੁੱਤਰ ਹੈ। ਅੱਜ ਮੈਂ ਜਨਮ ਦੁਆਇਆ ਹੈ'' ਪੂਰੀ ਹੋਈ।

ਇਹ ਕਿਵੇਂ ਹੋ ਗਿਆ? ਜ਼ਿੰਦਾ ਹੋਣ ਦੀ ਗੱਲ ਨਾਲ ਜਨਮ ਦਾ ਐਲਾਨ ਕਿਵੇਂ ਪੂਰਾ ਹੋ ਗਿਆ? ਅਸਲ 'ਚ ਨਬੀ ਦੀ ਗੱਲ ਦਾ ਕੋਈ ਮਤਲਬ ਨਹੀਂ ਨਿੱਕਲਦਾ? ਪਰ ਸੰਕੇਤਕ ਤੌਰ ਤੇ ਉਸਦੀ ਗੱਲ ਵਧੀਆ ਲਗਦੀ ਹੈ। ਕਿਸੇ ਘਰ ਵਿਚ ਬੱਚੇ ਦੇ ਪੈਦਾ ਹੋਣ ਦੀ ਖ਼ਬਰ ਤੋਂ ਵਧ ਕੇ ਕੋਈ ਹੋਰ ਚੰਗੀ ਖ਼ਬਰ ਨਹੀਂ ਹੋ ਸਕਦੀ। ਉਵੇਂ ਹੀ ਆਪਣੇ ਆਪ ਨੂੰ ਪਿਤਾ ਦੇ ਰੂਪ ਵਿਚ

ਮੰਨਦੇ ਹੋਏ ਯਿਸੂ ਦੀ ਫ਼ਤਹਿਮੰਦ ਮੌਤ ਦਾ ਐਲਾਨ ਕਰਨ ਨਾਲੋਂ ਵੱਧ ਖ਼ੁਦਾ ਲਈ ਹੋਰ ਕੋਈ ਖ਼ਬਰ ਨਹੀਂ ਸੀ। ਮੌਤ ਉੱਤੇ ਉਸਦਾ ਕੋਈ ਅਖ਼ਤਿਆਰ ਨਾ ਹੋਣ ਦੇ ਕਰਕੇ ਯਿਸੂ ਸਾਡਾ ਆਗੂ ਬਣ ਗਿਆ। ਤਦ ਉਹ ''ਆਪਣੇ ਜਲਾਲ'' ਵਿਚ ਜਾ ਸਕਿਆ ਜਿਹਦੇ ਲਈ ਉਹਨੇ ਦੁਆ ਕੀਤੀ ਸੀ (ਰੋਮੀਆਂ 6:9; ਇਬਰਾਨੀਆਂ 6:20; ਲੂਕਾ 24:26)।

ਜੈਤੂਨ ਦੇ ਪਹਾੜ (ਜਿੱਥੋਂ ਉਹ ਅਸਮਾਨ 'ਤੇ ਚੜ੍ਹਿਆ) ਅਤੇ ਸੁਰਗ ਵਿਚਕਾਰ ਯਿਸੂ ਨੇ ਕਿੱਲਾਂ ਠੁਕੀ ਆਪਣੀ ਸਰੀਰਕ ਦੇਹ ਨੂੰ ਉੱਪਰ ਉਠਾ ਲਿਆ ਸੀ। ਉਹ ਫੇਰ ਉਹੀ ਬਣ ਗਿਆ ਜੋ ਤੇਤੀ ਸਾਲ ਪਹਿਲਾਂ ਸੁਰਗ ਛੱਡ ਕੇ ਆਉਣ ਤੋਂ ਪਹਿਲਾਂ ਸੀ (1 ਕੁਰਿੰਥੀਆਂ 15:50)। ਭਾਵੇਂ ਉਸਨੇ ਮਨੁੱਖ ਬਣ ਕੇ ਸਦੀ ਦਾ ਤੀਜਾ ਹਿੱਸਾ ਧਰਤੀ 'ਤੇ ਕੱਟਿਆ ਪਰ ਦੁਬਾਰਾ ਉਹਨੇ ਐਨਾ ਨੀਵਾਂ ਬਣ ਕੇ ਕਦੇ ਨਹੀਂ ਸੀ ਆਉਣਾ (2 ਕੁਰਿੰਥੀਆਂ 5:16)। ਇਸ ਤਰ੍ਹਾਂ ਜੀ ਉੱਠਣਾ ਹੋਣ ਦੇ ਦਿਨ ਜ਼ਬੂਰ 2:7 ਦੀ ਗੱਲ ਪੂਰੀ ਹੋਈ ਸੀ।

ਲਿਖਤ ਵਿਚ ਕਹਿਣ ਲਈ ਹੋਰ ਵੀ ਬਥੇਰਾ ਹੈ। ਅਸਮਾਨ 'ਤੇ ਉਠਾਏ ਜਾਣ ਦੇ ਦਸ ਦਿਨਾਂ ਬਾਅਦ (18 ਮਈ) ਪੈਂਟੀਕਾਸਟ ਵਾਲੇ ਦਿਨ (28 ਮਈ), ਯਿਸੂ ਨੂੰ ਪ੍ਰਭੂ ਵੀ ਅਤੇ ਮਸੀਹ ਵੀ ਥਾਪਿਆ ਗਿਆ ਸੀ। ਉਸ ਦਿਨ ਉਹਨੂੰ ਕਲੀਸੀਆ ਦਾ ਸਿਰ ਅਤੇ ਮਲਕੀਸਿਦਕ ਦੀ ਰੀਤ ਤੇ ਪ੍ਰਧਾਨ ਯਾਜਕ ਵੀ ਬਣਾਇਆ ਗਿਆ ਸੀ। ਉਹ ਦਾਊਦ ਦੀ ਰੂਹਾਨੀ ਗੱਦੀ 'ਤੇ ਬੈਠਾ ਸੀ ਅਤੇ ਉਹਨੂੰ ਰਾਜਿਆਂ ਦੇ ਰਾਜੇ ਅਤੇ ਪ੍ਰਭੂਆਂ ਦੇ ਪ੍ਰਭੂ ਦਾ ਤਾਜ ਪੁਆਇਆ ਗਿਆ ਸੀ। ਫਿਰ ਉਸ ਦਿਨ ਖ਼ੁਦਾ ਨੇ ਸੁਰਗ ਤੋਂ ਅਵਾਜ਼ ਦੇ ਕੇ ਕਿਹਾ ਸੀ, ''ਤੂੰ ਮੇਰਾ ਪੁੱਤਰ ਹੈਂ ਅੱਜ ਮੈਂ ਹੀ ਜਨਮ ਦੁਆਇਆ ਹੈ'' (ਰਸੂਲਾਂ ਦੇ ਕੰਮ 13:33; ਇਬਰਾਨੀਆਂ 1:1-5; 5:5, 6; ਅਫ਼ਸੀਆਂ 1:20-23 ਵੀ ਵੇਖੋ)। ਉਹਦੇ ਜੀ ਉੱਠਣ ਦੇ ਦਿਨ ਵਾਂਗ ਉਹਦੇ ਅਸਮਾਨ 'ਤੇ ਚੜ੍ਹਾਏ ਜਾਣ ਦਾ ਦਿਨ ਵੀ ਸੀ ਭਾਵ ਉਹਦਾ ਪੁੱਤਰ ਹੋਣਾ ਸਰੀਰਕ ਅਤੇ ਲਫ਼ਜ਼ੀ ਨਹੀਂ, ਬਲਕਿ ਸੰਕੇਤਕ ਅਤੇ ਭੇਤ ਭਰਿਆ ਸੀ। ਸੰਸਾਰ ਦਾ ਭਵਿੱਖ ਇਸ ਮਹਾਨ ਸੱਚਾਈ 'ਤੇ ਟਿਕਿਆ ਹੋਇਆ ਹੈ ਕਿ ਯਿਸੂ ਖ਼ੁਦਾ ਦਾ ਪੁੱਤਰ ਹੈ।

ਪੈਂਟੀਕਾਸਟ ਦੇ ਦਿਨ ਤੋਂ ਦੁਨੀਆਂ ਦੇ ਅਖ਼ੀਰ ਤਕ, ਅਕਾਸ਼ ਅਤੇ ਧਰਤੀ ਦੋਹਾਂ ਦਾ ਸਾਰਾ ਅਖ਼ਤਿਆਰ ਪੁੱਤਰ ਨੂੰ ਦਿੱਤਾ ਗਿਆ ਹੈ। ਫ਼ਰਿਸ਼ਤੇ, ਅਧਿਕਾਰੀ ਅਤੇ ਸ਼ਕਤੀਸ਼ਾਲੀ ਸਭ ਉਹਦੇ ਅਧੀਨ ਕੀਤੇ ਗਏ ਹਨ (ਮੱਤੀ 28:18; 1 ਪਤਰਸ 3:22)। ਉਹਨੂੰ ਉਹ ਨਾਂਅ ਦਿੱਤਾ ਗਿਆ ਹੈ ਜੋ ਅਸਮਾਨ, ਧਰਤੀ ਤੇ ਅਤੇ ਧਰਤੀ ਦੇ ਹੇਠਾਂ ਦਿੱਤੇ ਸਭ ਨਾਵਾਂ ਤੋਂ ਉੱਚਾ ਹੈ (ਫ਼ਿਲਿੱਪੀਆਂ 2:10)। ਪੈਂਟੀਕਾਸਟ ਤੋਂ ਨਿਆਂ ਦੇ ਦਿਨ ਤਕ ਪਿਤਾ ਵੀ ਆਪਣੇ ਪੁੱਤਰ ਨੂੰ ਆਪਣੇ ਨਾਲੋਂ ਵੱਧ ਵਡਿਆਈ ਦਿੰਦਾ ਹੈ। ''ਜਿਹੜਾ ਪੁੱਤਰ ਦਾ ਆਦਰ ਨਹੀਂ ਕਰਦਾ ਉਹ ਪਿਤਾ ਦਾ ਵੀ ਜਿਨ ਉਸ ਨੂੰ ਘੱਲਿਆ ਸੀ ਆਦਰ ਨਹੀਂ ਕਰਦਾ'' (ਯੂਹੰਨਾ 5:23)। ਪਿਤਾ ਨੂੰ ਚੰਗਾ ਲਗਦਾ ਹੈ ਕਿ ''ਸਾਰੀ ਸੰਪੂਰਨਤਾਈ ਉਸ ਵਿਚ ਵੱਸੇ'' (ਕੁਲੁੱਸੀਆਂ 1:19)। ਹਰ ਗੱਲ ਵਿਚ ਮਸੀਹ ਨੂੰ ਅਹਿਮੀਅਤ ਦਿੱਤੀ ਜਾਣੀ ਜ਼ਰੂਰੀ ਹੈ (ਕੁਲੁੱਸੀਆਂ 1:18)। ਨੇਕ ਅਤੇ ਸ਼ੁੱਧ ਮਨ ਲੋਕ ਅਜ਼ਾਦੀ ਨਾਲ ਪਿਆਰ ਨਾਲ ਆਪਣੇ ਸਭ ਵਿਚਾਰਾਂ ਨੂੰ ਮਸੀਹ ਦੇ ਅਧੀਨ ਕਰਦੇ ਹਨ (2 ਕੁਰਿੰਥੀਆਂ 10:5)। ਪਰਮੇਸ਼ੁਰ ਪਿਤਾ ਨੇ ਯਿਸੂ ਨੂੰ ਲੋਕਾਂ ਲਈ ਇਕ ਨਿਸ਼ਾਨ, ਕੌਮਾਂ ਲਈ ਰਹਿਨੁਮਾ ਅਤੇ ਜਰਨੈਲ ਬਣਾਇਆ ਹੈ (ਯਸਾਯਾਹ 11:10; 55:4)।

ਯਿਸੂ ਦੇ ਪ੍ਰਭੂ ਹੋਣ ਦੌਰਾਨ ਪਾਪੀਆਂ ਨੂੰ ਚਾਹੀਦਾ ਹੈ ਕਿ ਉਹਨੂੰ ਆਪਣਾ ਵਿਚੋਲਾ ਬਨਾਉਣ ਅਤੇ ਖ਼ੁਦਾ ਕੋਲ ਆਉਣ। ਮਸੀਹੀ ਲੋਕ ਆਪਣੇ ਪਾਪਾਂ ਦੀ ਮਾਫ਼ੀ ਦੀ ਉਮੀਦ ਉਹਨੂੰ

ਆਪਣਾ ਸਹਾਇਕ ਬਣਾ ਕੇ ਹੀ ਪਾ ਸਕਦੇ ਹਨ (1 ਤਿਮੋਥਿਉਸ 2:5; 1 ਯੂਹੰਨਾ 2:2)। ਹੁਣ ਉਹਨੂੰ ਆਪਣੇ ਲੋਕਾਂ ਲਈ ਜਗ੍ਹਾ ਤਿਆਰ ਕਰਨ ਲਈ ਗਏ ਦੇ ਤੌਰ ਤੇ ਵਿਖਾਇਆ ਗਿਆ ਹੈ (ਯੂਹੰਨਾ 14:1-3)। ਅਖ਼ੀਰ 'ਚ ਕਿਆਮਤ ਵਾਲੇ ਦਿਨ ਸਭ ਲੋਕ ਨਾ ਤਾਂ ਪਿਤਾ ਅਤੇ ਨਾ ਹੀ ਪਵਿੱਤਰ ਆਤਮਾ ਦੇ ਬਲਕਿ ਮਸੀਹ ਦੇ ਸਾਹਮਣੇ ਖੜੇ ਹੋਣਗੇ ਜਿਸਨੂੰ ਖ਼ੁਦਾ ਨੇ ਥਾਪਿਆ ਹੈ (ਰਸੂਲਾਂ ਦੇ ਕੰਮ 17:30; ਯੂਹੰਨਾ 5:22; 2 ਕੁਰਿੰਥੀਆਂ 5:10)।

## ਕਿਆਮਤ ਤੋਂ ਅਨਾਦੀਕਾਲ ਤਕ

ਨਿਆਂ ਦੇ ਬਾਅਦ ਪ੍ਰਧਾਨ ਜਰਨੈਲ ਦਾ ਕੰਮ ਯਿਸੂ ਆਪਣੀ ਮਰਜ਼ੀ ਨਾਲ ਪਿਤਾ ਨੂੰ ਸੌਂਪ ਦੇਵੇਗਾ। ਤਦ ਪੁੱਤਰ ਆਪ ਵੀ ਆਪਣੇ ਲੋਕਾਂ ਸਣੇ ਉਹਦੇ ਅਧੀਨ ਹੋ ਜਾਵੇਗਾ ਜਿਹਨੇ ਪੈਂਟੀਕਾਸਟ ਤੋਂ ਲੈ ਕੇ ਕਿਆਮਤ ਦੇ ਦਿਨ ਤਕ ਆਪਣੀ ਸ਼ਕਤੀ ਉਹਨੂੰ ਦੇ ਦਿੱਤੀ ਸੀ ਤਾਂ ਜੋ ਖ਼ੁਦਾ ਹੀ ਸਭ ਵਿਚ ਸਭ ਕੁਝ ਹੋਵੇ (1 ਕੁਰਿੰਥੀਆਂ 15:24)। ਅਖ਼ਤਿਆਰ ਦਾ ਇਹ ਤਬਾਦਲਾ ਐਨਾ ਅਸਾਨ ਹੋਵੇਗਾ ਕਿ ਪਤਾ ਵੀ ਨਹੀਂ ਲੱਗੇਗਾ ਕਿ ਅਨਾਦੀ ਕਾਲ ਤਕ ਪੁੱਤਰ (ਲੂਕਾ 1:33; ਇਬਰਾਨੀਆਂ 1:8) ਅਤੇ ਸੰਤ (ਪ੍ਰਕਾਸ਼ ਦੀ ਪੋਥੀ 3:21; 22:3-5) ਪਰਮੇਸ਼ੁਰ ਪਿਤਾ ਨਾਲ ਮਿਲ ਕੇ ਰਾਜ ਕਰਨਗੇ। ''ਵਾਹ ਪਰਮੇਸ਼ੁਰ ਦਾ ਧਨ ਅਤੇ ਬੁੱਧ ਅਤੇ ਗਿਆਨ ਕੇਡਾ ਡੂੰਘਾ ਹੈ! ਉਹ ਦੇ ਨਿਆਉਂ ਕੇਡੇ ਅਣਲੱਭ ਹਨ ਅਤੇ ਉਹ ਦੇ ਰਾਹ ਕੇਡੇ ਬੇਖੋਜ ਹਨ! ਕਿਉਂਜੋ ਉਸ ਤੋਂ ਅਤੇ ਓਸੇ ਦੇ ਵਸੀਲੇ ਨਾਲ ਅਤੇ ਓਸੇ ਲਈ ਸਾਰੀਆਂ ਵਸਤਾਂ ਹੋਈਆਂ ਹਨ। ਉਸ ਦੀ ਵਡਿਆਈ ਜੁੱਗੋ ਜੁੱਗ ਹੋਵੇ। ਆਮੀਨ'' (ਰੋਮੀਆਂ 11:33, 36)।

---

ਟਿੱਪਣੀਆਂ

[1]''ਅਨਾਦੀ ਪਿਤਾ'' ਲਈ ਆਮਤੌਰ 'ਤੇ *'abi'ad* (ਯਸਾਯਾਹ 9:6; ਇਬਰਾਨੀ ਵਿਚ ਆਇਤ 5)। ਸ਼ਬਦ ਨੂੰ ਸਹੀ-ਸਹੀ ਅਤੇ ਇਸ ਸੰਦਰਭ ਵਿਚ ਸ਼ਾਇਦ ਹੋਰ ਵੀ ਸਹੀ ਅਰਥ ''ਅਨਾਦੀ ਕਾਲ ਦਾ ਪਿਤਾ'' ਕਿਹਾ ਜਾ ਸਕਦਾ ਹੈ। [2]YHWH ਜਾਂ ਯਹਵਹ ਦਾ ਸਹੀ ਅਨੁਵਾਦ ''ਯਹੋਵਾਹ'' ਨਹੀਂ ਹੈ ਬਲਕਿ ਯਸਾਯਾਹ 44:6 ''ਯਹੋਵਾਹ ਜੋ ਇਸਰਾਏਲ ਦਾ ਰਾਜਾ ਅਤੇ ਉਹਦਾ ਛੁਡਾਉਣ ਵਾਲਾ ਸੈਨਾ ਦਾ ਯੋਹਵਾਹ, ਇਉਂ ਫ਼ਰਮਾਉਂਦਾ ਹੈ, ਮੈਂ ਆਦਿ ਹਾਂ ਨਾਲੇ ਮੈਂ ਅੰਤ ਹਾਂ; ਮੈਥੋਂ ਬਿਨਾ ਹੋਰ ਕੋਈ ਖ਼ੁਦਾ ਨਹੀਂ'' ਵਾਂਗ ਇਹ ਉਹੀ ਸ਼ਬਦ ਹੈ ਜੋ ਅਮੈਰੀਕਨ ਸਟੈਂਡਰਡ ਵਰਜ਼ਨ ਵਾਂਗ ਇੱਕੋ ਸੱਚੇ ਅਤੇ ਜ਼ਿੰਦਾ ਖ਼ੁਦਾ ਨੂੰ ਦਰਸਾਉਣ ਲਈ ਵਰਤਿਆ ਗਿਆ ਹੈ। ਇਸੇ ਸ਼ਬਦ ਨੂੰ ਨਵੇਂ ਨੇਮ ਵਿਚ ਯਿਸੂ ਦੇ ਰੂਪ ਵਿਚ ਪਛਾਣ ਦਿੱਤੀ ਗਈ ਹੈ। NASB ਵਿਚ ਇਹਨੂੰ "Lord" ਭਾਵ ਪ੍ਰਭੂ ਕਿਹਾ ਗਿਆ ਹੈ। ਪੰਜਾਬੀ ਬਾਈਬਲ ਵਿਚ ਇਹਨੂੰ ''ਯਹੋਵਾਹ'' ਹੀ ਲਿਖਿਆ ਗਿਆ ਹੈ-ਅਨੁਵਾਦਕ। (ਯਸਾਯਾਹ 40:3 ਦੀ ਮੱਤੀ 3:3 ਨਾਲ; ਯਸਾਯਾਹ 44:6 ਦੀ ਪ੍ਰਕਾਸ਼ ਦੀ ਪੋਥੀ 1:17; 22:13 ਨਾਲ; ਯੋਏਲ 2:32 ਦੀ ਰਸੂਲਾਂ ਦੇ ਕੰਮ 2:21 ਨਾਲ ਤੁਲਨਾ ਕਰੋ।) [3]''ਪਲੌਠਾ'' ਸ਼ਬਦ ਦਾ ਸਬੰਧ ਇੱਜ਼ਤ ਦੇਣ ਨਾਲ ਹੈ। ਪੁਰਾਣੇ ਨੇਮ ਵਿਚ ਇਸ ਸ਼ਬਦ ਵਿਚ ਮਾਣ ਦੀ ਤਮੰਨਾ ਕੀਤੀ ਜਾਂਦੀ ਸੀ। ਇਹ ਤਰਜੀਹੀ ਸਨਮਾਨ ਲਈ ਸੀ, ਕਿਉਂਕਿ ਖ਼ੁਦਾ ਦੇ ਦੂਜੇ ਬੱਚਿਆਂ ਵਿਚ ਪਲੌਠੇ ਪੁੱਤਰ ਨੂੰ ਦੋਹਰਾ ਮਾਣ ਦਿੱਤਾ ਜਾਂਦਾ ਸੀ। ਉਸ ਸ਼ਬਦ ਵਿਚ *ਰੁਤਬੇ* ਦੀ ਕਦਰ ਵੀ ਨਜ਼ਰ ਆਉਂਦੀ ਸੀ, ਕਿਉਂਕਿ ਇਹ ਕਿਸੇ ਦੇ ਵਿਹਾਰ ਦੀ ਉੱਤਮਤਾ ਕਰਕੇ ਦਿੱਤਾ ਗਿਆ ਹੋ ਸਕਦਾ ਸੀ। ਯਿਸੂ ਨੂੰ ਦੋਹਾਂ ਕਾਰਣਾਂ ਕਰਕੇ ਪਲੌਠਾ ਕਿਹਾ ਗਿਆ ਹੈ: ਉਹ ਪਲੌਠਾ ਹੈ ਕਿਉਂਕਿ ਉਹ ਮੁਰਦਿਆਂ ਵਿੱਚੋਂ ਸਭ ਤੋਂ ਪਹਿਲਾਂ ਜੀ ਉੱਠਿਆ (ਕੁਲੁੱਸੀਆਂ 1:18) ਅਤੇ ਉਹ ਪਲੌਠਾ ਹੈ ਕਿਉਂਕਿ ਖ਼ੁਦਾ ਨੇ ਉਹਨੂੰ ਹਰ ਗੱਲ ਵਿਚ ਪਹਿਲ ਦੇ ਕੇ ਉੱਚਾ ਕੀਤਾ ਹੈ (ਇਬਰਾਨੀਆਂ 1:6)। [4]ਬਾਈਬਲ ਦਾ ਨਿਊ ਵਰਲਡ ਟ੍ਰਾਂਸਲੇਸ਼ਨ ਸਹੀ ਅਰਥ ਨਹੀਂ ਦਿੰਦਾ ਬਲਕਿ ਇਕ ਮੁਤਅੱਸਬ ਭਰਿਆ ਅਨੁਵਾਦ ਹੈ ਜੋ ਇਕ ਖ਼ਾਸ ਧਾਰਮਿਕ ਗੁੱਟ ਦੀਆਂ ਸਿੱਖਿਆਵਾਂ ਦੀ ਪੈਰਵੀ ਕਰਨ ਲਈ ਬਣਾਇਆ ਗਿਆ ਸੀ। ਇਸ ਵਿਚ ਯੂਹੰਨਾ 1:1 ਦਾ ਅਨੁਵਾਦ ''ਆਦਿ ਵਿਚ ਸ਼ਬਦ ਸੀ ਅਤੇ ਸ਼ਬਦ ਪਰਮੇਸ਼ੁਰ ਦੇ

ਨਾਲ ਸੀ ਅਤੇ ਸ਼ਬਦ ਇਕ ਈਸ਼ਵਰ (god) ਸੀ'' ਕੀਤਾ ਗਿਆ ਹੈ। ਇਹੀ ਵਿਦਵਾਨ ਜਿਨ੍ਹਾ ਨੇ ਅਜਿਹਾ ਅਨੁਵਾਦ ਕੀਤਾ ਯੂਹੰਨਾ 1:6 ਦਾ ਅਨੁਵਾਦ ''ਇਕ ਮਨੁੱਖ ਈਸ਼ਵਰ (god) ਵੱਲੋਂ ਭੇਜਿਆ ਗਿਆ ਜਿਸਦਾ ਨਾਂ ਯੂਹੰਨਾ ਸੀ'' ਕਰਨ ਲਈ ਬੇਵੱਸ ਹੋਣਗੇ। ਨਿਊ ਵਰਲਡ ਟ੍ਰਾਂਸਲੇਸ਼ਨ ਵਿਚ ਯਿਸੂ ਨੂੰ ਹੋਰ ਦੇਵਤਿਆਂ ਵਿੱਚੋਂ ਇਕ ਦੇਵਤੇ ਦੇ ਤੌਰ ਤੇ ਪੇਸ਼ ਕੀਤਾ ਗਿਆ ਹੈ ਜੋ ਖ਼ੁਦਾ ਨੂੰ ਵੀ ਹੋਰ ਕਈ ਦੇਵਤਿਆਂ ਵਿੱਚੋਂ ਇਕ ਖ਼ੁਦਾ ਬਣਾ ਦਿੰਦਾ ਹੈ। [5]ਕੁਲੁੱਸੀਆਂ 1:18 ਵਿਚ *arche* ਦਾ ਅਰਥ ਹੈ ''ਸ਼ੁਰੂ ਕਰਨ ਵਾਲਾ ਸ਼ਖ਼ਸ ਜਾਂ ਚੀਜ਼ ਭਾਵ ਲੜੀ ਵਿਚ ਪਹਿਲਾ ਵਿਅਕਤੀ ਜਾਂ ਚੀਜ਼ ਜਾਂ ਆਗੂ'' (ਸੀ.ਜੀ. ਵਿਲਕੇ ਐਂਡ ਵਿਲੀਬਲਡ ਗ੍ਰਿੰਮ, *ਏ ਗ੍ਰੀਕ-ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ,* ਅਨੁਵਾਦ ਅਤੇ ਸੋਧ ਜੋਜ਼ਫ਼ ਐੱਚ. ਥੇਅਰ [ਐਡਿਨਬਰਗ, ਸਕਾਟਲੈਂਡ: ਟੀ. ਐਂਡ ਟੀ. ਕਲਾਰਕ, 1901; ਰੀਪ੍ਰਿੰਟ ਐਡੀਸ਼ਨ, ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲਿਸ਼ਿੰਗ ਹਾਊਸ, 1973], 76-77)। ਇਸ ਦਾ ਅਰਥ ''ਆਰੰਭ'' ਤੋਂ ਭਾਵ ''ਮੂਲ'' ਹੈ (ਵਾਲਟਰ ਬਾਉਰ, *ਏ ਗ੍ਰੀਕ-ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ 2, ਸੋਧ ਵਿਲੀਅਮ ਐਫ਼ ਅਰੰਡਟ, ਐਫ਼. ਵਲਬਰ ਗਿੰਗਰਿਕ, ਐਂਡ ਫ਼੍ਰੈਡਕਿ ਡਬਲਯੂ. ਡੈਂਕਰ [ਸ਼ਿਕਾਗੋ, ਇਲਿਨੋਇ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 1979], 111)। [6]'ਪ੍ਰਕਾਸ਼ ਦੀ ਪੋਥੀ 3:14 ਵਿਚ *arche* ਦਾ ਅਰਥ ''ਜਿਸਦੇ ਰਾਹੀਂ ਕੁਝ ਸ਼ੁਰੂ ਹੁੰਦਾ ਹੈ, ਮੂਲ, ਸਰਗਰਮ ਕਾਰਣ'' (ਥੇਅਰ, 77); ਇਹਦਾ ਮਤਲਬ ਹੈ ''ਪਹਿਲਾ ਕਾਰਣ'' (ਅਰੰਡਟ, ਗਿੰਗਰਿਚ ਅਤੇ ਡੈਂਕਰ, 111)। ਅਰੰਡਟ, ਗਿੰਗਰਿਕ ਅਤੇ ਡੈਂਕਰ ਦਾ ਦਾਅਵਾ ਸੀ ਕਿ ਭਾਸ਼ਾ ਦੇ ਹਿਸਾਬ ਨਾਲ ''ਪਹਿਲਾਂ ਰਚਿਆ ਗਿਆ'' ਹੋ ਸਕਦਾ ਹੈ। ਪਰ ਭਾਸ਼ਾ ਦੇ ਹਿਸਾਬ ਨਾਲ ਪ੍ਰਕਾਸ਼ ਦੀ ਪੋਥੀ ਵਿਚ *arche* ਲਈ ''ਪਹਿਲਾਂ ਰਚਿਆ ਗਿਆ'' ਹੋ ਸਕਦਾ ਹੈ ਜਿੱਥੇ ਉਹਨੂੰ ਪਿਤਾ ਲਈ ਵਰਤਿਆ ਗਿਆ ਹੈ। ਭਾਸ਼ਾ ਦੇ ਹਿਸਾਬ ਨਾਲ ਦੋਵੇਂ ਅਰਥ ਸਹੀ ਹੋ ਸਕਦੇ ਹਨ, ਪਰ ਲਿਖਤ ਅਤੇ ਤਰਕ ਦੇ ਹਿਸਾਬ ਨਾਲ ''ਪਹਿਲਾ ਕਾਰਣ'' ਹੀ ਸਹੀ ਹੈ। [7]ਪ੍ਰਕਾਸ਼ ਦੀ ਪੋਥੀ 22:13 ਵਿਚ ''ਆਦਿ ਅਤੇ ਅੰਤ'' ਮਸੀਹ ਨੂੰ ਅਤੇ ਪ੍ਰਕਾਸ਼ ਦੀ ਪੋਥੀ 21:6 ਵਿਚ ਪਿਤਾ ਨੂੰ ਕਿਹਾ ਗਿਆ ਹੈ। [8]ਪਿਤਾ (ਜ਼ਬੂਰ 90:1, 2), ਪੁੱਤਰ (ਮੀਕਾ 5:2; ਇਬਰਾਨੀਆਂ 13:8) ਅਤੇ ਆਤਮਾ (ਇਬਰਾਨੀਆਂ 9:14) ਸਦਾ ਤੋਂ ਸਦਾ ਤਕ ਭਾਵ ਅਨਾਦੀ ਹਨ। [9]ਬਾਈਬਲ ਦੇ ਅੰਗ੍ਰੇਜ਼ੀ ਅਨੁਵਾਦ KJV ਅਤੇ ਅਮੈਰੀਕਨ ਸਟੈਂਡਰਡ ਵਰਜ਼ਨ ਵਿਚ ਯੂਹੰਨਾ 1:18; 3:16, 18; 1 ਯੂਹੰਨਾ 4:9 ਵਿਚ ''begotten ਸ਼ਬਦ ਇਕ ਗ਼ਲਤ ਅਨੁਵਾਦ ਹੈ ਕਿਉਂਕਿ ਇਨ੍ਹਾਂ ਸ਼ਬਦਾਂ ਵਿਚ ''begotten'' ਲਈ ਯੂਨਾਨੀ ਸ਼ਬਦ ਨਹੀਂ ਮਿਲਦਾ। ਇਹਦੇ ਉਲਟ ''kind'' ਅਤੇ ''only'' ਲਈ ਯੂਨਾਨੀ ਸ਼ਬਦ ਦਾ ਇਕ ਰੂਪ ਮਿਲਦਾ ਹੈ। ਇਨ੍ਹਾਂ ਅਨੁਵਾਦਾਂ ਵਿਚ ਯੂਨਾਨੀ ਦੇ ਇਨ੍ਹਾਂ ਦੋਹਾਂ ਸ਼ਬਦਾਂ ਦੇ ਸਹੀ ਅਨੁਵਾਦ ਲਈ ਵੇਖੋ ਲੂਕਾ 7:12; 8:42; 9:38 ''only'' ਅਤੇ ਮਰਕੁਸ 9:29 (''kind'')। [10]ਆਰਥਰ ਕਸ਼ਮੈਨ ਮੈਕਗਿਫ਼ਰਟ, *ਏ ਹਿਸਟਰੀ ਆਫ਼ ਦ ਕ੍ਰਿਸਚਿਅਨ ਥੌਟ* [ਨਿਊ ਯਾਰਕ: ਚਾਰਲਸ ਸਕ੍ਰਿਬਨਰ'ਜ਼ ਸੰਜ਼, 1954], 1:233.

[11]ਖ਼ਾਸ ਤੌਰ ਤੇ ਉਹ ਯਸਾਯਾਹ 9:6; ਯੂਹੰਨਾ 3:13; 10:30; 14:9; 2 ਕੁਰਿੰਥੀਆਂ 5:19; ਕੁਲੁੱਸੀਆਂ 2:9 ਦੀ ਦੁਰਵਰਤੋਂ ਕਰਦੇ ਹਨ। ''ਇੱਕੋ ਖ਼ੁਦਾ ਵਿਚ ਵਿਅਕਤੀ ਦੇ ਵਿਚਾਰ'' 'ਤੇ ਜੀ. ਕੇ. ਵਾਲੇਸ ਅਤੇ ਰੇਅ ਵੌਨ ਵਿਚ ਬਹਿਸ ਹੋਈ ਸੀ (*ਵਾਲੇਸ-ਵਾਅਨ ਡਿਬੇਟ,* ਜਿਲਦ 3, [ਓਕਲਾਹੋਮਾ ਸਿਟੀ: ਟੈਲੀਗ੍ਰਾਮ ਬੁਕ ਕੰ., 1972])। [12]ਜ਼ਬੂਰ 33:6 ਦੇ ਸਪਤਤੀ ਅਨੁਵਾਦ (LXX) ਵਿਚ *to logo tou kuriou* ਭਾਵ ''ਪ੍ਰਭੂ ਦੇ ਵਚਨ ਤੋਂ'' ਹੈ। [13]ਸਪਤਤੀ ਅਨੁਵਾਦ ਵਿਚ *ਲੋਗੋਸ* ਹੈ। [14]ਯਸਾਯਾਹ 7:14 ਵਿਚ ''ਮੁਟਿਆਰ'' ਜਾਂ ''ਕੁਆਰੀ'' ਲਈ ਪਵਿੱਤਰ ਆਤਮਾ ਦਾ ਸ਼ਬਦ (ਇਬ.: *'almah*) ਜਿਸਮਾਨੀ ਤੌਰ ਤੇ ਮੁਟਿਆਰ ਲਈ ਆਮ ਸ਼ਬਦ ਹੈ। 735 ਈ.ਪੂ. ਵਿਚ ਪਵਿੱਤਰ ਆਤਮਾ ਨੇ ਕਿਹਾ ਸੀ ਕਿ ਇਕ ਮਸ਼ਹੂਰ ਮੁਟਿਆਰ (ਪੁਰਖ ਨੂੰ ਜਾਣੇ ਅਤੇ) ਪੁੱਤਰ ਜਣੇਗੀ ਜਿਸਦਾ ਨਾਂ ਇਮਾਨੁਏਲ (ਅਤੇ ਉਹ ਹੋਵੇਗਾ ਵੀ) ਰੱਖੇਗੀ। 5 ਈ.ਪੂ. ਇਕ ਅਗਿਆਤ ਮੁਟਿਆਰ (ਬਿਨਾ ਪੁਰਖ ਨੂੰ ਜਾਣੇ) ਇਕ ਪੁੱਤਰ ਨੂੰ ਜਨਮ ਦੇਵੇਗੀ ਅਤੇ ਉਹਦਾ ਨਾਂ ਇਮਾਨੁਏਲ (ਅਤੇ ਉਹ ਹੋਵੇਗਾ ਵੀ) ਰੱਖੇਗੀ। ਯਸਾਯਾਹ 7:14 ਦੀ ਆਤਮਾ ਦੀ ਅਗਵਾਈ ਵਿਚ ਲਿਖੀ ਗਈ ਭਾਸ਼ਾ ਕਿੰਨੀ ਵਿਆਪਕ ਹੈ ਕਿ ਅਠਵੀਂ ਸਦੀ ਈ.ਪੂ. ਵਿਚ ਇਕ ਗੈਰ ਚਮਤਕਾਰੀ ਜਨਮ ਅਤੇ ਪਹਿਲੀ ਸਦੀ ਵਿਚ ਇਕ ਚਮਤਕਾਰੀ ਜਨਮ ਨੂੰ ਸਮਝਾਇਆ ਜਾ ਸਕਦਾ ਹੈ (ਅਠਵੀਂ ਸਦੀ ਈ.ਪੂ. ਦੀ ਜਿਸ ਮੁਟਿਆਰ ਦੀ ਗੱਲ ਕੀਤੀ ਗਈ ਸੀ ਉਹਦੇ ਲਈ ''ਪੁਰਖ ਨੂੰ ਜਾਣਨਾ'' ਜ਼ਰੂਰੀ ਸੀ ਕਿਉਂਕਿ ਉਸ ਸਦੀ ਵਿਚ ਕੁਆਰੀ ਤੋਂ ਕੋਈ ਜਨਮ ਨਹੀਂ ਹੋਇਆ।) [15] ਮੈਕਗਿਫ਼ਰਟ, 1:52.

## ਉਹਦੀ ਇਕ ਤਸਵੀਰ ਜੋ ਆਉਣ ਵਾਲਾ ਸੀ
### (ਰੋਮੀਆਂ 5:12-21; 1 ਕੁਰਿੰਥੀਆਂ 15:20-26, 45-49)

**ਆਦਮ ਅਤੇ ਮਸੀਹ ਵਿਚ ਸਮਾਨਤਾਵਾਂ**

| ਆਦਮ ... | ਮਸੀਹ ... |
|---|---|
| ਮੋਅਜਜ਼ੇ ਰਾਹੀਂ ਬਣਾਇਆ ਗਿਆ ਸੀ (ਉਤਪਤ 2:7) | ਮੋਅਜਜ਼ੇ ਰਾਹੀਂ ਕੁਆਰੀ ਤੋਂ ਪੈਦਾ ਹੋਇਆ (ਯਸਾਯਾਹ 7:14; ਮੱਤੀ 1:23) |
| ਮਨੁੱਖ ਅਰਥਾਤ ਦੇਹ ਸੀ (1 ਕੁਰਿੰਥੀਆਂ 15:45) | ਮਨੁੱਖ ਅਰਥਾਤ ਦੇਹ ਸੀ (ਰੋਮੀਆਂ 8:3; ਗਲਾਤੀਆਂ 4:4; ਫ਼ਿਲਿੱਪੀਆਂ 2:7) |
| ਖ਼ੁਦਾ ਦਾ ਪੁੱਤਰ ਅਖਵਾਇਆ (ਉਤਪਤ 1:27; 6:2) | ਖ਼ੁਦਾ ਦਾ ਪੁੱਤਰ ਹੈ (ਲੂਕਾ 3:38; ਯੂਹੰਨਾ 3:16) |
| ਦੁਨੀਆ ਬਣਨ ਵੇਲੇ ਸਿੱਧ ਸੀ (ਵੇਖੋ ਉਤਪਤ 1:31; ਹਿਜ਼ਕੀਏਲ 28:15; ਮੱਤੀ 19:14) | ਸਿੱਧ ਹੈ (ਇਬਰਾਨੀਆਂ 4:15;5:9) |

**ਆਦਮ ਅਤੇ ਮਸੀਹ ਵਿਚ ਫ਼ਰਕ**

| ਆਦਮ ... | ਮਸੀਹ ... |
|---|---|
| ''ਪਹਿਲਾ ਮਨੁੱਖ'' ਸੀ (1 ਕੁਰਿੰਥੀਆਂ 15:45, 47) | ''ਦੂਜਾ ਮਨੁੱਖ'' ਸੀ (1 ਕੁਰਿੰਥੀਆਂ 15:47) |
| ਸੰਪੂਰਣ ਜਗਤ ਵਿਚ ਆਇਆ (ਉਤਪਤ 1:31) | ਅਜਿਹੇ ਸੰਸਾਰ ਵਿਚ ਆਇਆ ਜੋ ਸਰਾਪਤ ਹੋ ਚੁੱਕਾ ਸੀ (ਉਤਪਤ 3:17) |
| ਪਾਪੀ ਸੀ (ਰੋਮੀਆਂ 5:14) | ਪਾਪ ਰਹਿਤ ਸੀ (ਇਬਰਾਨੀਆਂ 4:15; 7:26) |
| ਨਾਲ ਪਾਪ ਆਇਆ (ਰੋਮੀਆਂ 5:12) | ਨਾਲ ਪਾਪਾਂ ਦੀ ਮਾਫ਼ੀ ਆਈ (ਰਸੂਲਾਂ ਦੇ ਕੰਮ 10:43) |
| ਖ਼ੁਦਾ ਤੋਂ ਸਜ਼ਾ ਪਾਇਆ ਹੋਇਆ (ਰੋਮੀਆਂ 5:16) | ਖ਼ੁਦਾ ਦਾ ਮੁਬਾਰਕ ਸੀ (ਮੱਤੀ 3:17; ਵੇਖੋ ਯੂਹੰਨਾ 8:29) |
| ਉੱਥੇ ਸੀ ਜਿੱਥੇ ਪਾਪ ਰਾਜ ਕਰਦਾ ਹੈ (ਰੋਮੀਆਂ 5:21) | ਉੱਥੇ ਹੈ ਜਿੱਥੇ ਕਿਰਪਾ ਦਾ ਰਾਜ ਹੈ (ਰੋਮੀਆਂ 5:21) |
| ਸਾਨੂੰ ਜ਼ਿੰਦਗੀ ਦੇ ਰੁੱਖ ਤੋਂ ਦੂਰ ਕੀਤਾ ਕੀਤਾ (ਉਤਪਤ 3:24) | ਸਾਨੂੰ ਜ਼ਿੰਦਗੀ ਦੇ ਰੁੱਖ ਕੋਲ ਲੈ ਜਾਵੇਗਾ (ਪ੍ਰਕਾਸ਼ ਦੀ ਪੋਥੀ 22:1, 2) |
| ਸਭ ਲਈ ਮੌਤ ਦਾ ਕਾਰਣ ਬਣਿਆ (ਰੋਮੀਆਂ 5:15, 17; 1 ਕੁਰਿੰਥੀਅ 15:21, 22, 45) | ਸਭ ਲਈ ਜੀ ਉੱਠਣ ਦਾ ਕਾਰਣ ਬਣੇਗਾ (ਯੂਹੰਨਾ10:10; 11:25; 1 ਕੁਰਿੰਥੀਆਂ 15:23-26) |
| ਧਰਤੀ ਦਾ ਸੀ (1 ਕੁਰਿੰਥੀਆਂ 15:45, 47, 48) | ਸੁਰਗ ਦਾ ਹੈ (1 ਕੁਰਿੰਥੀਆਂ 15:47) |

ਪਾਪ ਅਤੇ ਸੁਰਗ ਦੀ ਗੱਲ ਹੋਣ 'ਤੇ ਮਸੀਹ ਦੀਆਂ ਬਰਕਤਾਂ ਸ਼ਰਤ ਸਹਿਤ ਹਨ। ਲੋਕ ਚਾਹੁਣ ਤਾਂ ਉਹਦੀਆ ਬਰਕਤਾਂ ਨੂੰ ''ਪਾ'' ਸਕਦੇ ਹਨ; ''ਜਦੋਂ ਉਸ ਇਕ ਦੇ ਅਪਰਾਧ ਕਰਕੇ ਉਸ ਇਕ ਦੇ ਰਾਹੀਂ ਮੌਤ ਨੇ ਰਾਜ ਕੀਤਾ ਤਾਂ ਬਹੁਤ ਵਧੀਕ ਓਹ ਲੋਕ ਜਿਨ੍ਹਾਂ ਨੂੰ ਕਿਰਪਾ ਅਤੇ ਧਰਮ ਦੀ ਬਖ਼ਸ਼ੀਸ਼ ਵਾਫ਼ਰ ਮਿਲੀ ਹੈ ਉਸ ਵਿਚ ਅਰਥਾਤ ਯਿਸੂ ਮਸੀਹ ਦੇ ਰਾਹੀਂ ਜ਼ਿੰਦਗੀ ਵਿਚ ਰਾਜ ਕਰਨਗੇ'' (ਰੋਮੀਆਂ 5:17)। ਉਹ ਉਹਦੀਆਂ ਬਰਕਤਾਂ ''ਠੁਕਰਾ'' ਵੀ ਸਕਦੇ ਹਨ: ''ਜਿਹੜਾ ਮੈਨੂੰ ਰੱਦ ਕਰਦਾ ਹੈ ਅਤੇ ਮੇਰੀਆਂ ਗੱਲਾਂ ਨਹੀਂ ਕਬੂਲਦਾ, ਉਹਨੂੰ ਇਕ ਦੋਸ਼ੀ ਠਹਿਰਾਉਂਦਾ ਹੈ। ਜਿਹੜਾ ਵਚਨ ਮੈਂ ਕਿਹਾ ਓਹੀਓ ਅੰਤ ਦੇ ਦਿਨ ਉਸ ਨੂੰ ਦੋਸ਼ੀ ਠਹਿਰਾਵੇਗਾ'' (ਯੂਹੰਨਾ 12:48)।